

# ਯਥਾਤੱਥ ਨਾਮਕ ਤੇਹਰਵਾਂ ਅਧਿਐਨ

ਪਿਛਲੇ ਅਧਿਐਨਾਂ ਵਿਚ ਦੂਸਰੇ ਦਰਸ਼ਨਾਂ ਦਾ ਜ਼ਿਕਰ ਕੀਤਾ ਗਿਆ ਹੈ। ਟੀਕਾਕਾਰ ਸ਼ੀਲਾਂਕਾਚਾਰਿਆ ਦਾ ਕਥਨ ਹੈ, "ਜਿਸ ਰੀਤੀ ਨਾਲ ਸੂਤਰ ਬਣਾਏ ਗਏ ਹਨ ਉਨ੍ਹਾਂ ਦੀ ਵਿਆਖਿਆ ਉਸੇ ਤਰ੍ਹਾਂ ਕੀਤੀ ਜਾਵੇ, ਉਸੇ ਤਰ੍ਹਾਂ ਆਚਰਨ ਕੀਤਾ ਜਾਵੇ ਤਾਂ ਇਹ ਸੂਤਰ ਸੰਸਾਰ ਤੋਂ ਜੀਵਾਂ ਨੂੰ ਪਾਰ ਕਰਨ ਵਿਚ ਸਮਰੱਥ ਹੁੰਦੇ ਹਨ।" ਇਸ ਲਈ ਇਹ ਯਥਾਤੱਥ ਹੁੰਦੇ ਹਨ। ਜਿਵੇਂ ਸ੍ਰੀ ਸੁਧਰਮਾ ਸਵਾਮੀ, ਸ੍ਰੀ ਜੰਬੂ ਸਵਾਮੀ, ਸ੍ਰੀ ਪ੍ਰਭਵ ਸਵਾਮੀ, ਦੀ ਪਰੰਪਰਾ ਤੋਂ ਜੋ ਸੂਤਰ ਚਲੇ ਆ ਰਹੇ ਹਨ ਉਹ ਸੂਤਰ ਯਥਾਤੱਥ ਹਨ।

ਇਸ ਅਧਿਐਨ ਦਾ ਉਦੇਸ਼ ਇਹੋ ਹੈ ਕਿ ਜੋ ਆਗਮਾਂ ਵਿਚ ਅਰਿਹੰਤ ਭਗਵਾਨ ਨੇ ਮੂਲ ਰੂਪ ਵਿਚ ਫੁਰਮਾਇਆ ਹੈ ਅਤੇ ਗਨਧਰਾਂ ਨੇ ਉਸ ਉਪਦੇਸ਼ ਦਾ ਗਾਥਾ ਰੂਪ ਵਿਚ ਸੰਕਲਨ ਕੀਤਾ ਹੈ ਉਹ ਸਾਰਾ ਉਪਦੇਸ਼ ਯਥਾਤੱਥ ਹੈ। ਇਸ ਅਧਿਐਨ ਵਿਚ ਸਾਧੂ ਨੂੰ ਜਾਤ ਪਾਤ, ਕੁਲ ਦਾ ਹੰਕਾਰ ਤਿਆਗਨ ਦਾ ਉਪਦੇਸ਼ ਦਿਤਾ ਗਿਆ ਹੈ। ਅਤੇ ਜਾਤ ਪਾਤ ਤੇ ਕੁਲ ਦੇ ਹੰਕਾਰ ਨੂੰ ਜਣਮ ਮਰਨ ਦਾ ਕਾਰਣ ਕਿਹਾ ਗਿਆ ਹੈ।

## ਨਿਕਸ਼ੇਪ—

ਯਥਾਤੱਥ ਦੇ 4 ਨਿਕਸ਼ੇਪ ਬਣਦੇਂ ਹਨ (1) ਨਾਮ ਤੇ (2) ਸਥਾਪਨਾ ਸਰਲ ਹੈ।

ਸਚਿਤ ਅਚਿਤ ਜਿਸ ਦਰਵ ਦਾ ਜਿਸ ਤਰ੍ਹਾਂ ਦਾ ਸੁਭਾਵ ਹੈ ਉਹ ਦਰਵ ਤੱਥ ਹੈ, ਜਿਵੇਂ ਚੰਦਨ ਦਾ ਸੁਭਾਅ ਸ਼ੀਤਲਤਾ ਪ੍ਰਦਾਨ ਕਰਨਾ ਹੈ।

(3) ਭਾਵ ਤੱਥ ਨਿਯਮ ਪੱਖੋਂ 6 ਪ੍ਰਕਾਰ ਨਾਲ ਜਾਨਣਾ ਚਾਹੀਦਾ ਹੈ।

1. ਕਰਮਾਂ ਦੇ ਉਦੇ (ਪ੍ਰਗਟ) ਹੋਣ ਨਾਲ ਜੋ ਹੁੰਦਾ ਹੈ ਉਹ ਔਦਾਯਿਕ ਭਾਵ ਹੈ। ਜੋ ਕਰਮ ਉਦੇ ਕਾਰਣ ਜੀਵ ਜੋ ਗਤੀ ਆਦਿ ਦਾ ਅਨੁਭਵ ਕਰਦਾ ਹੈ ਉਹ ਔਦਾਇਕ ਭਾਵ ਹੈ।

2. ਜੋ ਕਰਮ ਦੇ ਉਪਸ਼ਮ (ਖਾਤਮੇ) ਸਮੇਂ ਉਤਪੰਨ ਹੁੰਦਾ ਹੈ, ਉਹ ਉਪਸ਼ਮਿਕ ਹੈ, ਭਾਵ ਕਰਮਾਂ ਦਾ ਉਦੇ ਨਾ ਹੋਣਾ ਹੀ ਉਪਸ਼ਮਿਕ ਭਾਵ ਹੈ।

3. ਕਰਮ ਪ੍ਰੰਪਰਾ ਖਤਮ ਹੋਣ ਤੇ ਆਤਮਾ ਦਾ ਜੋ ਗੁਣ ਪ੍ਰਗਟ ਹੁੰਦਾ ਹੈ ਉਸਨੂੰ ਕਸ਼ਾਇਕ ਭਾਵ ਆਖਦੇ ਹਨ।

4. ਇਹ ਅਪ੍ਰਤਿਪਾਤੀ ਗਿਆਨ, ਦਰਸ਼ਨ ਚਾਰਿੱਤਰ ਰੂਪ ਹੈ ਜੋ ਕਰਮ ਦੇ ਖਾਤਮੇ ਤੇ ਉਪਸ਼ਮ ਸਮੇਂ ਉਤਪੰਨ ਹੁੰਦਾ ਹੈ ਉਹ ਕਸ਼ਾਇ ਉਪਸ਼ਮਿਕ ਹੈ।

5. ਕੁਝ ਅੰਸ਼ ਖਾਤਮਾ ਦੇ ਰੂਪ ਵਿਚ ਅਤੇ ਕੁਝ ਉਪਸ਼ਮ ਰੂਪ ਵਿਚ ਹੈ, ਜੋ ਪਰਿਣਾਮਾਂ ਤੋਂ ਉਤਪੰਨ ਹੁੰਦਾ ਹੈ ਉਹ ਪਰਿਣਾਮਿਕ ਭਾਵ ਹੈ।

6. ਜੀਵ, ਅਜੀਵ, ਭਵਤਵ ਆਦਿ ਹੈ। ਇਨ੍ਹਾਂ ਨੂੰ ਪੰਜਾਂ ਭਾਵਾਂ ਵਿਚ ਜੋ ਤਿੰਨ ਦੇ ਸਹਿਯੋਗ ਨਾਲ ਉਤਪੰਨ ਹੁੰਦਾ ਹੈ ਉਹ ਸਨੀਪਾਤਿਕ ਹੁੰਦਾ ਹੈ।

ਆਤਮਾ ਵਿਚ ਰਹਿਣ ਵਾਲਾ ਭਾਵ ਤੱਥ ਚਾਰ ਪ੍ਰਕਾਰ ਦਾ ਹੈ। (1) ਗਿਆਨ ਤੱਥ (2) ਦਰਸ਼ਨ ਤੱਥ (3) ਚਾਰਿੱਤਰ ਤੱਥ (4) ਵਿਨੈ ਤੱਥ।

1. ਮਤਿ, ਸ਼ਰੁਤੀ, ਅਵ,ਧੀ ਮਨ ਪ੍ਰਭਵ ਤੇ, ਕੇਵਲ ਗਿਆਨ ਨਾਲ ਜੋ ਵਸਤੂ ਜੇਹੀ ਹੈ ਉਸੇ ਤਰ੍ਹਾਂ ਮੰਨਣਾ ਗਿਆਨ ਤੱਥ ਹੈ।

2. ਸ਼ੰਕਾ ਆਦਿ ਅਤਿਆਚਾਰਾਂ ਤੋਂ ਰਹਿਤ ਜੀਵ-ਅਜੀਵ ਆਦਿ ਨੌਂ ਤੱਤਵਾਦੀ ਸ਼ਰਧਾ ਦਰਸ਼ਨ ਤੱਥ ਹੈ।

3. 12 ਪ੍ਰਕਾਰ ਦੇ ਤਪ ਤੇ 17 ਪ੍ਰਕਾਰ ਦਾ ਸੰਜਮ ਹੀ ਚਾਰਿੱਤਰ ਤੱਥ ਹੈ।

4. ਗਿਆਨ, ਦਰਸ਼ਨ, ਚਾਰਿੱਤਰ ਤੇ ਤੱਪ ਦੀ ਮਾਤਰਾ ਅਨੁਸਾਰ ਸਾਧਨਾ ਹੀ ਵਿਨੈ ਤੱਥ ਹੈ।



# ਤੇਰਹਵਾਂ ਯਥਾਤੱਥ ਅਧਿਐਨ

(ਸ੍ਰੀ ਸੁਧਰਮਾ ਸਵਾਮੀ ਜੀ, ਸ੍ਰੀ ਜੰਬੂ ਸਵਾਮੀ ਨੂੰ ਆਖਦੇ ਹਨ) "ਹੁਣ ਮੈਂ ਤੱਤਵ ਬਾਰੇ ਦੱਸਾਂਗਾ" ਗਿਆਨ ਪੁਰਸ਼ ਦੇ ਅਚਾਰ, ਅਨਾਚਾਰ, ਸੰਤਾਂ ਦੇ ਸ਼ੀਲ ਅਤੇ ਅਸੰਤਾਂ ਦੇ ਕੁਸ਼ੀਲ, ਸ਼ਾਂਤੀ (ਨਿਰਵਾਨ) ਅਤੇ ਅਸ਼ਾਂਤੀ (ਹਿੰਸਾ) ਬਾਰੇ ਆਖਾਂਗਾ। (1)

ਰਾਤ ਦਿਨ ਉੱਤਮ ਕ੍ਰਿਆ ਵਿੱਚ ਲੱਗੇ ਤਥਾਗਤ (ਤੀਰਥੰਕਰ) ਦੇ ਧਰਮ ਨੂੰ ਪ੍ਰਾਪਤ ਕਰਕੇ ਵੀ, ਉਨ੍ਹਾਂ ਰਾਹੀਂ ਦੱਸੀ ਸਮਾਧੀ ਮਾਰਗ ਨੂੰ ਨਾ ਸੇਵਨ ਕਰਕੇ, ਕਈ ਲੋਕ ਤੀਰਥੰਕਰਾਂ ਦੀ ਸਿੱਖਿਆ ਤੋਂ ਉਲਟ ਤੇ ਕਠੋਰ ਵਚਨ ਬੋਲਦੇ ਹਨ। (2)

ਇਹ ਲੋਕ ਜਿਨ (ਜੈਨ) ਮਾਰਗ ਦੀ ਉਲਟ ਵਿਆਖਿਆ ਕਰਦੇ ਹਨ, ਮਨ ਮਰਜ਼ੀ ਨਾਲ ਸ਼ਾਸਤਰਾਂ ਦਾ ਸ਼ੁਧ ਦੀ ਥਾਂ ਅਸ਼ੁਧ ਅਰਥ ਕਰਦੇ ਹਨ। ਜੋ ਮਨੁੱਖ ਸਰਵਗ ਵੀਤਰਾਗ ਦੇ ਗਿਆਨ ਪ੍ਰਤੀ ਸ਼ਕ ਕਰਦੇ ਹਨ ਉਹ ਉੱਤਮ ਗੁਣਾਂ ਦੇ ਧਾਰਕ ਨਹੀਂ ਹੋ ਸਕਦੇ। (3)

(ਜਦ ਅਜਿਹੇ ਲੋਕਾਂ ਤੋਂ ਕੋਈ ਪੁੱਛਦਾ ਹੈ) "ਤੁਸੀਂ ਇਹ ਸਿੱਖਿਆ ਕਿਥੋਂ ਪਾਈ ਹੈ ?" ਤਾਂ ਉਹ ਲੋਕ ਆਪਣੇ ਅਸਲ ਗੁਰੂ ਦਾ ਨਾਂ ਨਹੀਂ ਦਸਦੇ, ਸਗੋਂ ਕਿਸੇ ਪ੍ਰਸਿੱਧ ਅਚਾਰਿਆ ਦਾ ਨਾਂ ਲੈਂਦੇ ਹਨ। ਅਜਿਹੇ ਲੋਕ ਆਪਣੇ ਆਪ ਨੂੰ ਮੁਕਤੀ ਤੋਂ ਪਰੇ ਕਰਦੇ ਹਨ। ਉਹ ਸਾਧੂ ਨਹੀਂ ਹਨ, ਫੇਰ ਵੀ ਖੁਦ ਨੂੰ ਸਾਧੂ ਮੰਨਦੇ ਹਨ, ਅਜਿਹੇ ਪਾਪੀ ਅਨੰਤ ਜਨਮ-ਮਰਨ ਨੂੰ ਪ੍ਰਾਪਤ ਕਰਨਗੇ। (4)

"ਜੋ ਕਰੋਧੀ ਹੁੰਦਾ ਹੈ ਉਹ ਦੂਸਰੇ ਵਿਚ ਦੋਸ਼ ਦਸਦਾ ਹੈ। ਜੋ ਖਤਮ ਹੋਏ ਝਗੜੇ ਨੂੰ ਮੁੜ ਜਨਮ ਦਿੰਦਾ ਹੈ ਉਹ ਪਾਪ ਕਰਮ ਕਰਨ ਵਾਲਾ ਪੁਰਸ਼ ਹਮੇਸ਼ਾਂ ਕਲੇਸ਼ ਵਿੱਚ ਪਿਆ ਰਹਿੰਦਾ ਹੈ। ਡੰਡੀ ਤੇ ਚਲਨ ਵਾਲੇ ਅੰਨੇ ਦੀ ਤਰ੍ਹਾਂ ਦੁੱਖ ਪਾਂਦਾ ਹੈ। (5)

ਜੋ ਸਾਧੂ ਕਲੇਸ਼ੀ ਹੈ, ਨਿਆਂ ਵਿਰੁਧ ਭਾਸ਼ਾ ਬੋਲਦਾ ਹੈ, ਉਹ ਸਮਭਾਵ ਨੂੰ ਪ੍ਰਾਪਤ ਨਹੀਂ ਕਰ ਸਕਦਾ, ਉਹ ਕਲੇਸ਼ ਰਹਿਤ ਨਹੀਂ ਹੈ। ਜੋ ਗੁਰੂ ਦੀ ਆਗਿਆ ਦਾ ਪਾਲਨ ਕਰਦਾ ਹੈ, ਪਾਪ ਕਰਮਾਂ ਵਿਚ ਸ਼ਰਮ ਮੰਨਦਾ ਹੈ, ਜੋ ਜੀਵ, ਅਜੀਵ ਆਦਿ ਤੱਤਵਾਂ ਤੇ ਨਿਸ਼ਚੈ ਨਾਲ ਸ਼ਰਧਾ ਰਖਦਾ ਹੈ ਉਹ ਹੀ ਕਪਟ ਰਹਿਤ ਸਾਧੂ ਹੈ। (6)

"ਭੁੱਲ ਹੋਣ ਤੇ ਵੀ, ਅਚਾਰਿਆ ਰਾਹੀਂ ਕਠੋਰ ਅਨੁਸ਼ਾਸਨ ਕਾਰਣ, ਜੋ ਦੁੱਖ ਨਹੀਂ

ਮੰਨਦਾ ਅਤੇ ਆਤਮਾ ਨੂੰ ਸ਼ੁੱਧ ਰਖਦਾ ਹੈ ਉਹ ਸਾਧੂ, ਵਿਨੈ ਆਦਿ ਗੁਣਾਂ ਦਾ ਭੰਡਾਰ ਅਤੇ ਸੂਖਮ (ਭਾਵ) ਵੇਖਣ ਵਾਲਾ ਹੈ। ਉਹ ਪੁਰਸ਼ਾਰਥੀ (ਮੇਹਨਤੀ) ਜਾਤੀ ਤੋਂ ਉੱਚਾ ਤੇ ਸੰਜਮ ਦਾ ਪਾਲਕ ਹੈ, ਅਜਿਹਾ ਸਾਧੂ ਵੀਤਰਾਗ ਪ੍ਰਭੂ ਦੀ ਤਰ੍ਹਾਂ ਹੈ।" (7)

ਜੋ ਖੁਦ ਆਪਣੇ ਆਪ ਨੂੰ ਬੜਾ ਸੰਜਮੀ ਤੇ ਗਿਆਨੀ ਮੰਨ ਕੇ ਬਿਨਾ ਖੁੱਦ ਨੂੰ ਪਰਖੇ ਹੀ ਅਭਿਮਾਨ ਕਰਦਾ ਹੈ। "ਮੈਂ ਤਪੱਸਵੀ ਹਾਂ" ਅਜਿਹਾ ਮੰਨ ਕੇ ਦੂਸਰੇ ਜੀਵਾਂ ਨੂੰ ਪਾਣੀ ਵਿਚ ਪਈ ਚੰਦਰਮਾਂ ਦੀ ਛਾਂ ਦੀ ਤਰ੍ਹਾਂ ਬੇਜਾਨ ਸਮਝਦਾ ਹੈ। (8)

ਇਸ ਤਰ੍ਹਾਂ ਦਾ ਹੰਕਾਰੀ ਸਾਧੂ ਏਕਾਂਤ ਮੋਹ ਵਿੱਚ ਫਸ ਕੇ ਸੰਸਾਰ ਵਿੱਚ ਘੁੰਮਦਾ ਹੈ ਉਹ ਆਗਮਾਂ ਤੇ ਅਰਿਹੰਤਾਂ ਦੇ ਰਾਹ ਤੋਂ ਪਰੇ ਹੈ। ਜੋ ਮਾਨ ਸਨਮਾਨ ਪਾਕੇ ਹੰਕਾਰ ਕਰਦਾ ਹੈ, ਸੰਜਮ ਗ੍ਰਹਿਣ ਕਰਦੇ ਗਿਆਨ ਦਾ ਹੰਕਾਰ ਕਰਦਾ ਹੈ, ਉਹ ਸੱਚੇ ਪਰਮਾਰਥ ਤੋਂ ਅਨਜਾਣ ਹੈ। ਸੰਜਮੀ ਹੋ ਕੇ ਵੀ ਗਿਆਨ ਆਦਿ ਦਾ ਹੰਕਾਰ ਕਰਦਾ ਹੋਇਆ ਉਹ ਪਰਮਾਰਥ ਨੂੰ ਨਹੀਂ ਜਾਣਦਾ। (9)

ਚਾਹੇ ਕੋਈ ਬ੍ਰਾਹਮਣ ਹੋਵੇ ਜਾਂ ਖਤਰੀ ਹੋਵੇ, ਉੱਗਰ ਕੁੱਲ ਹੋਵੇ ਜਾਂ ਲਿਛਵੀ ਹੋਵੇ। ਜੋ ਦੀਖਿਆ ਵੰਸ਼, ਜਾਤੀ ਜਾਂ ਵਰਣ ਦਾ ਅਭਿਮਾਨ ਨਹੀਂ ਕਰਦਾ, ਉਹ ਹੀ ਵੀਤਰਾਗ ਪ੍ਰਮਾਤਮਾ ਦੇ ਰਾਹ ਦਾ ਸੱਚਾ ਰਾਹੀ ਹੈ। (10)

ਜਾਤ, ਕੁਲ ਦੇ ਅਭਿਮਾਨੀ ਦਾ ਉਸਦੀ ਜਾਤ ਜਾਂ ਕੁਲ ਸ਼ਰਨ (ਆਸਰਾ) ਨਹੀਂ ਬਣ ਸਕਦਾ। ਸਮਇਕਤੱਵ ਦੁਆਰਾ ਗ੍ਰਹਿਣ ਕੀਤਾ ਗਿਆਨ, ਸਦਾਚਾਰ ਤੋਂ ਛੁਟ ਹੋਰ ਕੋਈ ਵੀ ਸੰਸਾਰੀ ਪਦਾਰਥ ਜੀਵ ਦਾ ਸਹਾਰਾ ਨਹੀਂ। ਜੋ ਦੀਖਿਆ ਲੈ ਕੇ ਗ੍ਰਹਿਸਥ ਕਰਮ ਕਰਦਾ ਹੈ ਉਹ ਆਪਣੇ ਕਰਮਾਂ ਦਾ ਖਾਤਮਾ ਕਰਨ ਵਿਚ ਸਮਰੱਥ ਨਹੀਂ। (11)

ਜੋ ਪੁਰਸ਼ ਅਕਿੰਚਨ (ਧੰਨ ਰਹਿਤ) ਹੈ, ਭਿੱਖਿਆ ਤੇ ਅਧਾਰਿਤ ਜੀਵਨ ਗੁਜਾਰਦਾ ਹੈ। ਰੁੱਖਾ ਸੁੱਖਾ ਖਾਂਦਾ ਹੈ ਫੇਰ ਵੀ ਆਪਣੇ ਗੁਣਾਂ ਜਾਂ ਜਾਤਿ ਕੁੱਲ ਦਾ ਅਭਿਮਾਨ ਕਰਦਾ ਹੈ। ਆਪਣੀ ਪ੍ਰਸ਼ੰਸਾ ਵਿਚ ਫਸਦਾ ਹੈ ਉਸ ਦੇ ਇਹ ਗੁਣ ਉਸ ਦੀ ਗੁਜ਼ਾਰਾ (ਤਨਖਾਹ) ਦੀ ਤਰ੍ਹਾਂ ਹਨ। ਉਹ ਸੱਚਾ ਮਾਰਗ ਨਾ ਸਮਝ ਕੇ ਬਾਰ-ਬਾਰ ਜਨਮ-ਮਰਨ ਨੂੰ ਪ੍ਰਾਪਤ ਹੁੰਦਾ ਹੈ। (12)

ਜੋ ਭਿਖਸ਼ੂ ਭਾਸ਼ਾ ਦੇ ਗੁਣ ਤੇ ਦੋਸ਼ਾਂ ਨੂੰ ਜਾਣਦਾ ਹੈ। ਮਿੱਠੇ ਵਚਨ ਬੋਲਦਾ ਹੈ, ਪ੍ਰਤਿਭਾਸ਼ਾਲੀ ਹੈ। ਤਤੱਵਾਂ ਦਾ ਗਿਆਨੀ ਤੇ ਜਾਣਕਾਰ ਹੈ, ਜਿਸਦੀ ਬੁੱਧੀ ਨੇ ਤਤੱਵ ਨੂੰ ਗ੍ਰਹਿਣ ਕਰ ਲਿਆ ਹੈ। ਜਿਸ ਦਾ ਮਨ ਧਰਮ ਰੂਪੀ ਵਾਸਨਾ ਵਿੱਚ ਲੱਗਾ ਹੈ ਉਹ ਹੀ ਸੱਚਾ ਹੈ। ਜੋ ਸਾਧੂ ਇਨ੍ਹਾਂ ਗੁਣਾਂ ਦਾ ਹੰਕਾਰ ਕਰਕੇ, ਦੂਸਰੇ ਸਾਧੂ ਦੀ ਬੇਇੱਜ਼ਤੀ ਕਰਦਾ ਹੈ ਉਹ ਵਿਵੇਕਵਾਨ ਨਹੀਂ ਹੈ। (13)

ਜੋ ਬੁੱਧੀਮਾਨ ਹੋ ਕੇ, ਬੁੱਧੀ ਦਾ ਹੰਕਾਰ ਕਰਦਾ ਹੈ, ਜੋ ਲਾਭ ਪ੍ਰਾਪਤ ਹੋਣ ਤੇ ਹੰਕਾਰ

ਕਰਦਾ ਹੈ, ਦੂਸਰੇ ਦੀ ਨਿੰਦਾ ਕਰਦਾ ਹੈ। (ਜੋ ਆਖਦਾ ਹੈ ਵੇਖੋ ਮੈਨੂੰ ਉੱਤਮ ਭੋਜਨ ਵਸਤਰ ਮਿਲਦਾ ਹੈ, ਬਾਕੀ ਤਾਂ ਸਾਰੇ ਪੇਟੂ ਹਨ) ਇਸ ਪ੍ਰਕਾਰ ਦਾ ਅਭਿਮਾਨੀ ਦੂਸਰੇ ਨੂੰ ਛੋਟਾ ਸਮਝਦਾ ਹੈ। ਉਹ ਬਾਲਬੁੱਧੀ (ਅਗਿਆਨਤਾ) ਕਾਰਣ ਸਮਾਧੀ ਪ੍ਰਾਪਤ ਨਹੀਂ ਕਰਦਾ। (14)

ਸਾਧੂ ਬੁੱਧੀ, ਤਪੱਸਿਆ, ਗੋਤ, ਆਜੀਵਿਕਾ ਦਾ ਹੰਕਾਰ ਨਾ ਕਰੇ, ਜੋ ਅਜਿਹਾ ਕਰਦਾ ਹੈ ਉਹ ਹੀ ਪੰਡਤ ਤੇ ਮਹਾਨ ਹੈ। (15)

ਧੀਰ ਪੁਰਸ਼ ਇਨ੍ਹਾਂ ਹੰਕਾਰਾਂ ਨੂੰ ਦੂਰ ਕਰੇ। ਗਿਆਨ, ਦਰਸ਼ਨ ਤੇ ਚਾਰਿੱਤਰ ਰੂਪੀ ਸਮਿਕਤੱਵ ਧਰਮ ਦਾ ਸੇਵਨ ਕਰਨ ਵਾਲੇ, ਇਹ ਹੰਕਾਰ ਨਹੀਂ ਕਰਦੇ। ਇਸ ਲਈ ਉਹ ਮਹਾਂਰਿਸ਼ੀ ਸਾਰੇ ਗੋਤਾਂ ਤੋਂ ਰਹਿਤ, ਗਤੀ (ਮੁਕਤੀ) ਨੂੰ ਪ੍ਰਾਪਤ ਕਰਦੇ ਹਨ। (16)

ਸ਼ਰੀਰ ਦੇ ਸੰਸਕਾਰਾਂ ਦਾ ਤਿਆਗੀ, ਚੰਗੀ ਲੇਸ਼ਿਆਂ ਵਾਲਾ, ਧਰਮ ਦੇ ਸਵਰੂਪ ਨੂੰ ਜਾਨਣ ਵਾਲਾ ਸਾਧੂ ਪਿੰਡਾਂ ਜਾਂ ਸ਼ਹਿਰਾਂ ਵਿੱਚ ਭੋਜਨ ਦੀ ਸ਼ੁਧੀ ਤੇ ਅਸ਼ੁਧੀ ਨੂੰ ਜਾਣਦਿਆਂ ਹੋਇਆ, ਮਮਤਾ ਰਹਿਤ ਹੋ ਕੇ ਘੁੰਮੇ। (17)

ਸਾਧੂ ਸੰਜਮ ਪ੍ਰਤੀ ਅਰਤਿ ਤੇ ਅਸੰਜਮ ਪ੍ਰਤਿ ਰਤਿ ਦਾ ਤਿਆਗ ਕਰੇ। ਚਾਹੇ ਉਹ ਸਾਧੂ ਬਹੁਤ ਸਾਧੂਆਂ ਨਾਲ ਰਹੇ ਜਾਂ ਇਕੱਲਾ, ਜੋ ਕੰਮ ਸੰਜਮ ਦੇ ਵਿਰੁੱਧ ਨਾ ਹੋਵੇ, ਉਹ ਹੀ ਆਖੇ। ਸਾਧੂ ਨੂੰ ਸਦਾ ਧਿਆਨ ਰੱਖਣਾ ਚਾਹੀਦਾ ਹੈ "ਜੀਵ ਇਕੱਲਾ ਆਉਂਦਾ ਹੈ ਤੇ ਇਕੱਲਾ ਹੀ ਜਾਂਦਾ ਹੈ।" (18)

ਧੀਰ ਪੁਰਸ਼ ਧਰਮ ਦੇ ਸਵਰੂਪ ਨੂੰ ਆਪ ਜਾਂ ਗੁਰੂ ਤੋਂ ਸੁਣ ਕੇ, ਸਮਝ ਕੇ, ਹੋਰ ਜੀਵ ਨੂੰ ਹਿੱਤ ਵਜੋਂ ਸੁਣਾਵੇ। ਜੋ ਕਰਮਾਂ ਦਾ ਕਾਰਣ ਕਰਮ ਹੈ, ਜੋ ਮਾਨ ਵਡਿਆਈ ਲਈ ਕੀਤਾ ਜਾਂਦਾ ਹੈ ਉਸ ਕਰਮ ਦਾ ਆਚਰਨ ਨਾ ਕਰੇ।" (19)

ਅਜਿਹੀ ਹਾਲਤ ਵਿੱਚ ਮਿਥਿਆ ਦਰਿਸ਼ਟੀ, ਸੱਚੇ ਧਰਮ ਤੇ ਸ਼ਰਧਾ ਨਾ ਰਖਦੇ ਹੋਏ ਸਾਧੂ ਪ੍ਰਤਿ ਗੁੱਸੇ ਹੋ ਸਕਦੇ ਹਨ। ਸਾਧੂ ਨੂੰ ਮਾਰ ਵੀ ਸਕਦੇ ਹਨ। ਇਸ ਲਈ ਸਾਧੂ ਦੂਸਰੇ ਦੇ ਭਾਵ ਨੂੰ ਸਮਝ ਕੇ ਉਪਦੇਸ਼ ਕਰੇ। (20)

ਧਰਮ ਉਪਦੇਸ਼ ਦੇ ਬਦਲੇ ਸਾਧੂ ਆਪਣੀ ਪੂਜਾ ਤੇ ਸਤੂਤੀ ਦੀ ਇੱਛਾ ਨਾਂ ਕਰੇ। ਕਿਸੇ ਦਾ ਪਿਆਰਾ ਜਾਂ ਨਾਂ ਪਿਆਰਾ ਨਾ ਕਰੇ। ਸਾਰੇ ਅਨਰਥਾਂ ਤੋਂ ਬਚਦਾ ਸਾਧੂ ਆਕੁਲਤਾ (ਆਤਮਵਿਸ਼ਵਾਸ) ਰਹਿਤ ਹੋ ਕੇ ਧਰਮ ਉਪਦੇਸ਼ ਦੇਵੇ। (2)

ਧਰਮ ਦੇ ਸ਼ੁੱਧ ਸਵਰੂਪ ਨੂੰ ਜਾਣਦਾ ਹੋਇਆ ਸਾਧੂ, ਤਰੱਸ ਸਥਾਵਰ ਜੀਵਾਂ ਦੀ ਹਿੰਸਾ ਦਾ ਤਿਆਗ ਕਰੇ। ਜ਼ਿੰਦਗੀ ਤੇ ਮੌਤ ਦੀ ਇੱਛਾ ਨਾ ਕਰੇ, ਸਗੋਂ ਦੋਹਾਂ ਵਿੱਚ ਸਮਾਨ ਭਾਵ ਰਖੇ। ਕਪਟ ਤੋਂ "ਮੁਕਤ ਹੋ ਕੇ ਜੀਵਨ ਗੁਜ਼ਾਰੇ" ਅਜਿਹਾ ਮੈਂ ਆਖਦਾ ਹਾਂ। (23)



# ਗ੍ਰੰਥ ਨਾਮਕ ਚੌਦਹਵਾਂ ਅਧਿਐਨ

ਤੇਰਹਵੇਂ ਅਧਿਐਨ ਵਿਚ ਸ਼ੁੱਧ ਚਾਰਿੱਤਰ ਦਾ ਵਰਨਣ ਕੀਤਾ ਗਿਆ ਹੈ। ਚਾਰਿੱਤਰ ਦੋ ਪ੍ਰਕਾਰ ਦਾ ਹੈ (1) ਅੰਦਰਲਾ ਤੇ ਬਾਹਰਲਾ। ਇਹ ਚਾਰਿੱਤਰ ਅੰਦਰਲੀ ਤੇ ਬਾਹਰਲੀ ਗੰਢ ਗ੍ਰੰਥ ਜਾਂ ਗਠ) ਨੂੰ ਦੂਰ ਕਰਕੇ ਹੀ ਨਿਰਮਲ ਬਣਦਾ ਹੈ।

ਦਰਵ ਤੇ ਭਾਵ ਤੋਂ ਗ੍ਰੰਥ ਦੋ ਕਿਸਮ ਦਾ ਹੈ। ਸ੍ਰੀ ਉੱਤਰਾਧਿਐਨ ਸੂਤਰ ਦਾ ਨਿਰਗ੍ਰੰਥ ਅਧਿਐਨ ਵਿਚ ਵਿਸਥਾਰ ਨਾਲ ਕਿਹਾ ਗਿਆ ਹੈ। ਜੋ ਚੇਲਾ ਦਰਵ ਤੇ ਭਾਵ ਦੋਹਾਂ ਗੱਠਾਂ ਨੂੰ ਤਿਆਗ ਦਿੰਦਾ ਹੈ, ਜਾਂ ਜੋ ਆਚਾਰਾਂਗ ਸੂਤਰ ਦਾ ਅਧਿਐਨ ਕਰਦਾ ਹੈ। ਚੇਲੇ ਦੋ ਕਿਸਮ ਦੇ ਹਨ (1) ਦੀਖਿਆ ਕਾਰਣ ਚੇਲਾ (2) ਸਿੱਖਿਆ ਕਾਰਣ ਚੇਲਾ ਇਥੇ ਸਿੱਖਿਆ ਗ੍ਰਹਿਣ ਕਰਨ ਵਾਲੇ ਚੇਲੇ ਬਾਰੇ ਕਿਹਾ ਗਿਆ ਹੈ। ਜੋ ਸਿੱਖਿਆ ਗ੍ਰਹਿਣ ਕਰਦਾ ਹੈ ਉਹ ਸੈਕਸ਼ਕ ਹੈ।

ਇਸੇ ਤਰ੍ਹਾਂ ਸਿੱਖਿਆ ਗ੍ਰਹਿਣ ਕਰਨ ਵਾਲਾ ਚੇਲਾ ਤਿੰਨ ਤਰ੍ਹਾਂ ਦਾ ਹੈ (1) ਇਕ ਸੂਤਰ ਗ੍ਰਹਿਣ ਕਰਦਾ ਹੈ (2) ਇਕ ਅਰਥ ਗ੍ਰਹਿਣ ਕਰਦਾ ਹੈ (3) ਇਕ ਸੂਤਰ ਤੇ ਅਰਥ ਦੋਵੇਂ ਗ੍ਰਹਿਣ ਕਰਦਾ ਹੈ।

ਸੂਤਰ ਵਿਚ ਜੋ ਗੱਲ ਜਿਵੇਂ ਹੈ ਉਸ ਨੂੰ ਉਸੇ ਤਰ੍ਹਾਂ ਗ੍ਰਹਿਣ ਕਰਨਾ ਆਸੇਵਨਾ ਹੈ। ਆਸੇਵਨਾ ਚੇਲਾ ਦੋ ਤਰ੍ਹਾਂ ਦਾ ਹੈ (1) ਮੂਲ ਗੁਣ ਵਾਲਾ (2) ਉੱਤਰ ਗੁਣ ਵਾਲਾ। ਮੂਲ ਗੁਣ ਅਹਿੰਸਾ, ਸੱਚ, ਚੋਰੀ ਨਾ ਕਰਨਾਂ, ਅਪਰਿਗ੍ਰਹਿ ਤੇ ਬ੍ਰਹਮਚਰਜ ਆਦਿ ਮਹਾਵਰਤ ਸ਼ਾਮਲ ਹਨ। ਉੱਤਰ ਗੁਣ ਵਿਚ ਸਮਿਤੀ, ਭਾਵਨਾ, ਦੋਵੇਂ ਪ੍ਰਕਾਰ ਦਾ ਤਪ ਸ਼ਾਮਲ ਹੈ।

ਸਿੱਖਿਆ ਦੇਣ ਵਾਲਾ ਅਚਾਰਿਆ ਵੀ ਦੋ ਪ੍ਰਕਾਰ ਦਾ ਹੈ। (1) ਜੋ ਸਿੱਖਿਆ ਪੜ੍ਹਾਉਂਦਾ ਹੈ(2) ਜੋ ਦਸ ਪ੍ਰਕਾਰ ਦੀ ਸਮਾਚਾਰੀ ਸਾਧੂ ਜੀਵਨ ਦੇ ਕਰਤਵ ਗ੍ਰਹਿਣ ਕਰਕੇ,

ਉਸ ਦੇ ਅਰਥ ਨੂੰ ਗ੍ਰਹਿਣ ਕਰਦਾ ਹੈ। ਪੜ੍ਹਾਉਣ ਵਾਲਾ ਅਚਾਰਿਆ ਵੀ ਸਿੱਖਿਆ ਗ੍ਰਹਿਣ ਕਰਨ ਵਾਲੇ ਚੇਲੇ ਦੀ ਤਰ੍ਹਾਂ ਤਿੰਨ ਪ੍ਰਕਾਰ ਦਾ ਹੈ।

ਆਸੇਵਨ ਅਚਾਰਿਆ ਦੇ ਦੋ ਭੇਦ (1) ਮੂਲ ਗੁਣ ਆਸੇਨ ਅਚਾਰਿਆ (2) ਉੱਤਰ ਗੁਣ ਆਸੇਵਨ ਅਚਾਰਿਆ ਹਨ।

ਗ੍ਰੰਥ, ਗੰਢ ਜਾਂ ਗਠੰ ਤੋਂ ਸਾਧੂ ਤੋਂ ਹਰ ਸਮੇਂ ਬਚਾਉ ਦੀ ਜਰੂਰਤ ਹੈ। ਜੋ ਗ੍ਰੰਥ ਤੋਂ ਰਹਿਤ ਹੈ ਉਹ ਹੀ ਨਿਰਗ੍ਰੰਥ ਅਖਵਾ ਸਕਦਾ ਹੈ।

ਨਿਰਯੁਕਤੀਕਾਰ ਸ੍ਰੀ ਭਦਰਵਾਹੂ ਸਵਾਮੀ ਜੀ ਅਨੁਸਾਰ ਗ੍ਰੰਥ ਦਾ ਅਰਥ ਅਸਲ ਵਿਚ ਪਰਿਗ੍ਰਹਿ ਹੈ। ਪਰਿਗ੍ਰਹਿ ਗ੍ਰੰਥ ਦੋ ਪ੍ਰਕਾਰ ਦਾ ਹੈ। (1) ਬਾਹਰਲਾ (2) ਅੰਦਰਲਾ। ਬਾਹਰਲਾ ਪਰਿਗ੍ਰਹਿ 10 ਪ੍ਰਕਾਰ ਦਾ ਹੈ:

(1) ਖੇਤ (2) ਮਕਾਨ (3) ਧੰਨ ਸੰਪੱਤੀ (4) ਦੋਸਤ, ਮਿੱਤਰ ਤੇ ਖਾਨਦਾਨ (5) ਸਵਾਰੀ (6) ਮੰਜਾ (7) ਬੈਠਣ ਦਾ ਆਸਨ (8) ਦਾਸ, ਦਾਸੀ (9) ਸੋਨਾ-ਚਾਂਦੀ ਆਦਿ ਕੀਮਤੀ ਧਾਤਾਂ (10) ਭਿੰਨ-ਭਿੰਨ ਪ੍ਰਕਾਰ ਦੀ ਭੋਗ ਤੇ ਉਪਭੋਗ ਸਮੱਗਰੀ (ਭੋਗ ਵਸਤੂ ਤੋਂ ਭਾਵ ਹੈ ਜੋ ਵਸਤੂ ਇਕ ਵਾਰੀ ਪ੍ਰਯੋਗ ਵਿਚ ਆਵੇ, ਉਪਭੋਗ ਤੋਂ ਭਾਵੇਂ ਬਾਰ-ਬਾਰ ਪ੍ਰਯੋਗ ਵਿਚ ਆਉਣ ਵਾਲੀ ਵਸਤੂ ਤੋਂ ਹੈ।

ਅੰਦਰਲਾ ਪਰਿਗ੍ਰਹਿ (ਗ੍ਰੰਥ) 14 ਪ੍ਰਕਾਰ ਦਾ ਹੈ:

(1) ਕਰੋਧ (2) ਮਾਨ (3) ਮਾਇਆ (ਧੋਖਾ) (4) ਲੋਭ (5) ਰਾਗ (ਮੋਹ) (6) ਦਵੇਸ਼ (7) ਮਿਥਿਆਤਵ (ਗਲਤ ਵਿਚਾਰਧਾਰਾ) (8) ਕਾਮਾਚਾਰ (ਕਾਮ ਭੋਗ ਸੇਵਨ) (9) ਰਤਿ (ਅਸੰਜਮ ਪ੍ਰਤੀ ਰੁਚੀ) (10) ਅਰਤਿ (ਸੰਜਮ ਪ੍ਰਤੀ ਅਰੁਚੀ) (11) ਬੇਕਾਰ ਹਾਸਾ ਮਜਾਕ (12) ਸੋਗ (ਦੁੱਖ) (13) ਭੈਅ (14) ਜੁਗੁਪਸਾ (ਘਿਰਣਾ)

ਸਾਧਕ ਨੂੰ ਦੋਹਾਂ ਤਰ੍ਹਾਂ ਦੇ ਗ੍ਰੰਥਾਂ ਤੋਂ ਬਚਨਾ ਚਾਹੀਦਾ ਹੈ।

# ਚੌਦਹਵਾਂ ਗ੍ਰੰਥ ਅਧਿਐਨ

ਇਸ ਜਿਨ ਪ੍ਰਵਚਨ ਵਿੱਚ ਪੰਡਤ ਪੁਰਸ਼ ਧਨ-ਅਨਾਜ ਆਦਿ ਬਾਹਰਲੇ ਤੇ ਕਰੋਧ ਆਦਿ ਅੰਦਰਲੇ ਪਰਿਗ੍ਰਹਿ (ਸੰਗ੍ਰਹਿ) ਦਾ ਤਿਆਗ ਕਰਕੇ ਸ਼ੁੱਧ ਕ੍ਰਿਆ ਰੂਪ ਸ਼ੀਲ ਨੂੰ ਸਿਖਦਾ ਹੋਇਆ, ਦੀਖਿਆ ਅੰਗੀਕਾਰ ਕਰਕੇ, ਬ੍ਰਹਮਚਰਜ ਦਾ ਪਾਲਨ ਕਰੇ ਅਚਾਰਿਆ ਤੇ ਗੁਰੂ ਆਦਿ ਦੀ ਆਗਿਆ ਦਾ ਪਾਲਨ ਕਰਦਾ ਹੋਇਆ, ਸਮਝਦਾਰ ਪੁਰਸ਼, ਵਿਨੈ ਦਾ ਪਾਲਨ ਕਰੇ ਅਤੇ ਸੰਜਮ ਪਾਲਨ ਵਿਚ ਥੋੜ੍ਹੀ ਜੇਹੀ ਆਲਸ (ਪ੍ਰਮਾਣ) ਨਾ ਕਰੇ। (1)

"ਜਿਸ ਦੇ ਅਜੇ ਪੱਰ ਨਹੀਂ ਆਏ, ਅਜਿਹੇ ਪੰਛੀ ਦਾ ਬੱਚਾ ਆਪਣੇ ਘੌਂਸਲੇ ਤੋਂ ਬਾਹਰ ਉੱਡਣ ਦੀ ਇੱਛਾ ਤਾਂ ਕਰਦਾ ਹੈ ਪਰ, ਪੱਰ ਨਾ ਹੋਣ ਕਾਰਣ ਉੱਡ ਨਹੀਂ ਸਕਦਾ। ਉਹ ਢੱਕ ਆਦਿ ਮਾਂਸਾਹਾਰੀ ਪੰਛੀਆਂ ਦਾ ਸ਼ਿਕਾਰ ਹੋ ਜਾਂਦਾ ਹੈ। (2)

ਇਸੇ ਪ੍ਰਕਾਰ ਨਵ ਦੀਖਿਆ, ਸ਼ਾਸਤਰ ਗਿਆਨ ਤੋਂ ਰਹਿਤ ਮੁਨੀ ਗੱਛ ਤੋਂ ਬਾਹਰ ਨਿਕਲਿਆਂ ਵੇਖ ਕੇ ਪਾਖੰਡੀ ਦਰਸ਼ਨਾਂ ਵੱਸ ਪੈ ਜਾਂਦਾ ਹੈ ਜਿਸ ਤਰ੍ਹਾਂ ਪੰਛੀ ਦਾ ਬੱਚਾ। (3)

"ਗੁਰੂ ਦੇ ਕਰੀਬ ਨਾ ਰਹਿਣ ਵਾਲਾ ਸਾਧੂ ਸੰਸਾਰ ਦਾ ਅੰਤ ਨਹੀਂ ਕਰ ਸਕਦਾ" ਅਜਿਹਾ ਸਮਝ ਕੇ ਬੁੱਧੀਮਾਨ ਮੁਨੀ ਸਦਾ ਗੁਰੂ ਦੇ ਕਰੀਬ ਰਹੇ। ਸਮਾਧੀ ਦੀ ਹੀ ਇੱਛਾ ਕਰਨੀ ਚਾਹੀਦੀ ਹੈ। ਗਿਆਨੀ ਜੋਗ ਧਰਮ ਸਾਧਨ ਕਰਦਾ ਹੋਇਆ ਗਛ (ਗਰੁੱਪ) ਵਿਚ ਹੀ ਰਹੇ। (4)

ਗੁਰੂਕੁਲ ਵਿਚ ਨਿਵਾਸ ਕਰਨ ਵਾਲਾ ਸਾਧੂ, ਸਥਾਨ, ਸੌਣ, ਆਸਨ, ਪਰਾਕ੍ਰਮ ਗਮਨ, ਆਗਮਨ ਤੇ ਤਪੱਸਿਆ ਬਾਰੇ ਉੱਤਮ ਹੁੰਦਾ ਹੈ, ਗੁਰੂ ਦੀ ਸੇਵਾ ਸ਼ਾਸਤਰ ਦੀ ਮਰਿਆਦਾ ਅਨੁਸਾਰ ਕਰਦਾ ਹੈ, ਅਜਿਹਾ ਸਾਧੂ ਸਮਿਤੀ ਤੇ ਗੁਪਤੀਆਂ ਵਿਚ ਮਾਹਰ ਹੁੰਦਾ ਹੈ। ਸਮਿਤਿ ਤੇ ਗੁਪਤੀ ਬਾਰੇ ਦੂਸਰੇ ਨੂੰ ਵੀ ਉਪਦੇਸ਼ ਦਿੰਦਾ ਹੈ। (5)

ਮਿੱਠੇ ਜਾਂ ਭਿਆਨਕ ਸ਼ਬਦ ਸੁਣ ਕੇ ਵੀ ਉਨ੍ਹਾਂ ਪ੍ਰਤੀ ਰਾਗ ਦਵੇਸ਼ ਨਾ ਕਰੇ। ਭਿਖਸ਼ੂ ਨੀਂਦ ਤੇ ਪ੍ਰਮਾਦ ਦਾ ਸੇਵਨ ਨਾ ਕਰੇ ? ਕਿਸੇ ਵਿਸ਼ੇ ਤੇ ਸ਼ੱਕ ਹੋਣ ਤੇ, ਗੁਰੂ ਤੋਂ ਸ਼ੱਕ ਦੂਰ ਕਰੇ। (6)

ਹਮੇਸ਼ਾਂ ਗੁਰੂ ਦੇ ਕਰੀਬ ਰਹਿਣ ਵਾਲੇ ਸਾਧੂ ਨੂੰ ਜੇ ਕੋਈ ਦੀਖਿਆ ਵਿਚ ਬੜਾ,

ਛੋਟਾ ਜਾਂ ਬਰਾਬਰ ਉਮਰ ਦਾ ਭੁੱਲ ਸੁਧਾਰਨ ਲਈ ਆਖੇ, ਅਤੇ ਜੇ ਉਹ ਭੁਲ ਸੁਧਾਰ ਨਾ ਕਰੇ ਤਾਂ ਅਜੇਹਾ ਸਾਧੂ ਸੰਸਾਰ ਦੇ ਆਵਾਗਮਨ ਨੂੰ ਖਤਮ ਨਹੀਂ ਕਰ ਸਕਦਾ। (7)

ਸਾਧੂ ਨੂੰ ਕੋਈ ਮਿਥਿਆ ਦਰਿਸ਼ਟੀ, ਅਨੇਤੀਰਥੀਂ ਜਾਂ ਗ੍ਰਹਿਸਥ ਜੈਨ ਧਰਮ ਅਨੁਸਾਰ ਸਿੱਖਿਆ ਦੇਵੇ। ਉਮਰ ਵਿਚ ਛੋਟਾ, ਬੜਾ ਦਾਸ, ਦਾਸੀ ਧਰਮ ਦੀ ਪ੍ਰੇਰਣਾ ਦੇਵੇ ਜਾਂ ਕੋਈ "ਆਖੇ ਅਜਿਹਾ ਕੰਮ ਤਾਂ ਗ੍ਰਹਿਸਥ ਵੀ ਨਹੀਂ ਕਰਦੇ," । ਸਾਧੂ ਅਜਿਹੇ ਪ੍ਰੇਰਕ ਤੇ ਗੁੱਸੇ ਨਾ ਹੋਵੇ। (8)

ਅਜਿਹੀ ਸਿੱਖਿਆ ਦੇਣ ਵਾਲੇ ਪ੍ਰਤੀ ਸਾਧੂ ਨੂੰ ਗੁੱਸਾ ਨਹੀਂ ਕਰਨਾ ਚਾਹੀਦਾ। ਲਾਠੀ ਜਾਂ ਕਠੋਰ ਬਚਨ ਰਾਹੀਂ ਦੁੱਖ ਨਹੀਂ ਦੇਣਾ ਚਾਹੀਦਾ। ਸਗੋਂ ਇਹ ਆਖਣਾ ਚਾਹੀਦਾ "ਜੋ ਤੁਸੀਂ ਆਖ ਰਹੇ ਹੋ ਮੈਂ ਉਸੇ ਅਨੁਸਾਰ ਚਲਾਂਗਾ" ਉਸ ਸ਼ਿਖਿਅਕ ਦੀ ਸਿੱਖਿਆ ਨੂੰ ਸਰੇਸ਼ਟ ਸਮਝ ਕੇ ਉਸ ਨੂੰ ਸਾਵਧਾਨੀਪੂਰਵਕ ਪਾਲਨ ਕਰਨਾ ਚਾਹੀਦਾ ਹੈ। (9)

ਜਿਵੇਂ ਸੁਨਸਾਨ ਜੰਗਲ ਵਿਚ ਚਲਣ ਵਾਲੇ ਅਨਜਾਨ ਯਾਤਰੀ ਨੂੰ ਰਾਹ ਜਾਨਣ ਵਾਲਾ ਪ੍ਰੇਰਣਾ ਦਿੰਦਾ ਹੈ, ਇਸੇ ਤਰ੍ਹਾਂ ਇਹ ਮਾਰਗ ਮੇਰੇ ਲਈ ਕਲਿਆਣਕਾਰੀ ਹੀ ਹੈ। ਅਜਿਹਾ ਸਮਝਣਾ ਚਾਹੀਦਾ ਹੈ। (10)

ਜਿਵੇਂ ਅਨਜਾਨ ਯਾਤਰੀ, ਜਾਣਕਾਰ ਯਾਤਰੀ ਦਾ ਉਪਕਾਰ ਮੰਨ ਕੇ ਸਤਿਕਾਰ ਕਰਦਾ ਹੈ ਉਸੇ ਪ੍ਰਕਾਰ ਸੱਚੇ ਰਾਹ ਦੱਸਣ ਵਾਲਾ ਸਾਧੂ ਦਾ ਵੀ ਉਪਕਾਰ ਸਮਝ ਕੇ ਸਤਿਕਾਰ ਕਰੇ। ਸੱਚੇ ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕਰੇ, ਅਜਿਹਾ ਸ੍ਰੀ ਮਹਾਵੀਰ ਨੇ ਕਿਹਾ ਹੈ। (11)

ਜਿਵੇਂ ਅੱਖਾਂ ਵਾਲਾ ਯਾਤਰੀ ਹਨੇਰੀ ਰਾਤ ਵਿਚ ਨਹੀਂ ਵੇਖ ਸਕਦਾ। ਪਰ ਸੂਰਜ ਨਿਕਲਣ ਤੇ ਪ੍ਰਕਾਸ਼ ਫੈਲਣ ਕਾਰਣ ਰਸਤਾ ਪ੍ਰਾਪਤ ਕਰ ਲੈਂਦਾ ਹੈ। (ਉਸੇ ਪ੍ਰਕਾਰ ਜਿਨ ਬਾਣੀ ਦੇ ਪ੍ਰਕਾਸ਼ ਨਾਲ ਪਾਪ ਹਨੇਰਾ ਦੂਰ ਹੋ ਜਾਂਦਾ ਹੈ)। (12)

ਨਵੇਂ ਦੀਖਿਅਤ, ਸ਼ਾਸਤਰ ਗਿਆਨ ਰਹਿਤ, ਸਾਧੂ ਧਰਮ ਨੂੰ ਨਹੀਂ ਜਾਣਦਾ, ਪਰ ਬਾਅਦ ਵਿਚ ਜਿਨ (ਅਰਿਹੰਤ) ਭਗਵਾਨ ਦੇ ਬਚਨਾਂ ਦੇ ਅਭਿਆਸ ਰਾਹੀਂ ਧਰਮ ਵਿਚ ਕੁਸ਼ਲ ਹੋ ਜਾਂਦਾ ਹੈ, ਜਿਵੇਂ ਅੱਖਾਂ ਵਾਲਾ ਸੂਰਜ ਨਿਕਲਣ ਤੇ ਸਹੀ ਰਾਹ ਪਾ ਲੈਂਦਾ ਹੈ। (13)

ਉੱਪਰ, ਹੇਠਾਂ, ਤਿਰਛੀਆਂ ਦਿਸ਼ਾਵਾਂ ਵਿਚ ਜੋ ਤਰੱਸ ਤੇ ਸਥਾਵਰ ਜੀਵ ਹਨ ਉਨ੍ਹਾਂ ਸਭ ਬਾਰੇ ਯਤਨ ਪੂਰਵਕ (ਸਾਵਧਾਨ) ਹੋ ਕੇ, ਦਵੇਸ਼ ਰਹਿਤ ਹੋ ਕੇ, ਸੰਜਮ ਵਿਚ ਘੁੰਮੇ। (14)

ਸਾਧੂ, ਅਚਾਰਿਆ ਤੇ ਯੋਗ ਸਮਾਂ ਵੇਖ ਕੇ, ਸੂਤਰ ਤੇ ਅਰਥ ਪੁੱਛੇ। ਆਗਮ ਦਾ

ਉਪਦੇਸ਼ ਕਰਨ ਵਾਲੇ ਅਚਾਰਿਆਂ ਦਾ ਸਤਿਕਾਰ ਸਨਮਾਨ ਕਰੇ। ਅਚਾਰਿਆ ਦੇ ਹੁਕਮ ਅਨੁਸਾਰ ਚਲਦਾ ਹੋਇਆ ਕੇਵਲੀ ਰਾਹੀਂ ਦੱਸੀ ਸਮਾਧੀ ਨੂੰ ਆਤਮਾ ਰਾਹੀਂ ਮਨ ਵਿਚ ਧਾਰਨ ਕਰੇ। (15)

ਗੁਰੂ ਉਪਦੇਸ਼ ਵਿਚ ਸਥਿਤ ਹੋ ਕੇ ਮਨ, ਬਚਨ ਕਾਇਆ ਨਾਲ ਪ੍ਰਾਣੀਆਂ ਦੀ ਰੱਖਿਆ ਕਰੇ। ਸਮਿਤੀ ਤੇ ਗੁਪਤੀ ਦੇ ਪਾਲਨ ਵਿਚ ਤੀਰਥੰਕਰਾਂ ਨੇ ਸ਼ਾਂਤੀ ਤੇ ਕਰਮ ਬੰਧ ਦਾ ਖਾਤਮਾ ਕਿਹਾ ਹੈ। ਸਰਵੱਗ ਭਗਵਾਨ ਨੇ ਕਿਹਾ ਹੈ। ਸਾਧੂ ਨੂੰ ਸੰਜਮ ਪਾਲਨ ਕਰੇ ਅਤੇ ਪ੍ਰਮਾਦ (ਅਣਗਹਿਲੀ) ਧਾਰਨ ਨਾ ਕਰੇ। (16)

ਗੁਰੂ ਦੀ ਸੇਵਾ ਵਿਚ ਰਹਿਣ ਦਾ ਇਛੁੱਕ ਮੁਨੀ, ਅਭਿਲਾਸ਼ਤ ਅਰਥ ਸੁਣਕੇ ਤਤੱਵ ਵਿਚ ਕੁਸ਼ਲ ਅਤੇ ਸਿਧਾਂਤ ਦਾ ਵਿਆਖਿਆਕਾਰ ਬਣ ਜਾਂਦਾ ਹੈ। ਮੋਕਸ਼ ਦਾ ਇਛੁੱਕ ਉਹ ਸਾਧੂ ਤੱਪ ਤੇ ਸੰਜਮ ਨੂੰ ਪ੍ਰਾਪਤ ਕਰਕੇ ਅਤੇ ਸ਼ੁੱਧ ਅਹਾਰ ਗ੍ਰਹਿਣ ਕਰਕੇ ਮੁਕਤੀ ਨੂੰ ਪ੍ਰਾਪਤ ਕਰਦਾ ਹੈ। (17)

ਗੁਰੂਕੁਲ ਵਾਸੀ ਸਾਧੂ, ਧਰਮ ਨੂੰ ਜਾਣ ਕੇ ਉਸ ਦੀ ਵਿਆਖਿਆ ਕਰਦੇ ਹਨ। ਉਹ ਸੱਚਾ ਗਿਆਨ ਪ੍ਰਾਪਤ ਕਰਕੇ ਕਰਮਾਂ (ਜਾਂ ਸੰਸਾਰ) ਦਾ ਅੰਤ ਕਰਦੇ ਹਨ। ਉਹ ਆਪਣੇ ਆਪ ਨੂੰ ਤੇ ਹੋਰਨਾਂ ਨੂੰ ਕਰਮ ਬੰਧਨ ਤੋਂ ਮੁਕਤ ਕਰਦੇ ਹਨ ਅਤੇ ਸੋਚ-ਵਿਚਾਰ ਕੇ ਪ੍ਰਸ਼ੰਸਾ ਦਾ ਉੱਤਰ ਦਿੰਦੇ ਹਨ। (18)

ਧਰਮ ਦੀ ਵਿਆਖਿਆ ਕਰਦੇ ਸਮੇਂ, ਸਾਧੂ ਨੂੰ ਅਸਲ ਸ਼ਾਸਤਰ ਦਾ ਅਰਥ ਨਹੀਂ ਛਿਪਾਉਣਾ ਚਾਹੀਦਾ। ਨਾ ਹੀ ਸ਼ਾਸਤਰ ਤੋਂ ਉਲਟ ਵਿਆਖਿਆ ਕਰਨੀ ਚਾਹੀਦੀ ਹੈ। "ਮੈਂ ਚੰਗਾ ਬੁਲਾਰਾ ਹਾਂ, ਗਿਆਨੀ ਹਾਂ, ਤਪੱਸਵੀ ਹਾਂ," ਅਜਿਹਾ ਅਭਿਮਾਨ ਨਹੀਂ ਕਰਨਾ ਚਾਹੀਦਾ। ਬੁੱਧੀਮਾਨ ਨੂੰ ਕਿਸੇ ਦਾ ਮਜ਼ਾਕ ਨਹੀਂ ਕਰਨਾ ਚਾਹੀਦਾ। ਕਿਸੇ ਨੂੰ ਅਸ਼ੀਰਵਾਦ ਨਹੀਂ ਦੇਣਾ ਚਾਹੀਦਾ। (19)

ਜੀਵ ਹੱਤਿਆ ਦੀ ਸ਼ੰਕਾ ਕਾਰਣ, ਸਾਧੂ ਕਿਸੇ ਨੂੰ ਅਸ਼ੀਰਵਾਦ ਨਾ ਦੇਵੇ। ਮੰਤਰ ਰਾਹੀਂ ਸਾਧੂ ਆਪਣੇ ਵਾਕ ਸੰਜਮ (ਮਨੋ ਸਾਧਨਾ) ਨੂੰ ਸਾਰਹੀਨ ਨਾ ਬਣਾਏ। ਸਾਧੂ ਪੁਰਸ਼ ਲੋਕਾਂ ਤੋਂ ਕਿਸੇ ਵਸਤੂ ਦੀ ਇੱਛਾ ਨਾ ਕਰੇ ਅਸਾਧੂ (ਪਾਪਕਾਰੀ) ਲੋਕਾਂ ਦੇ ਧਰਮ ਦਾ ਉਪ-ਦੇਸ਼ ਵੀ ਨਾ ਕਰੇ। (20)

ਸਾਧੂ ਨੂੰ ਅਜੇਹੀ ਗੱਲ ਨਹੀਂ ਕਰਨੀ ਚਾਹੀਦੀ, ਜਿਸ ਨਾਲ ਆਪਣੇ ਆਪ ਨੂੰ ਜਾਂ ਕਿਸੇ ਨੂੰ ਹਾਸਾ ਆਵੇ। ਉਸਨੂੰ ਪਾਪ ਦਾ ਉਪਦੇਸ਼ ਨਹੀਂ ਦੇਣਾ ਚਾਹੀਦਾ। ਰਾਗ ਦਵੇਸ਼ ਤੋਂ ਰਹਿਤ ਸਾਧੂ ਦੂਸਰੇ ਨੂੰ ਦੁੱਖ ਦੇਣ ਵਾਲੇ ਕੌੜੇ ਸੱਚ ਦਾ ਪ੍ਰਯੋਗ ਨਾ ਕਰੇ। ਆਦਰ ਸਤਿਕਾਰ ਪਾਕੇ ਹੰਕਾਰ ਨਾ ਕਰੇ। ਆਤਮ ਪ੍ਰਸ਼ੰਸਾ ਨਾ ਕਰੇ। ਇੱਛਾ ਰਹਿਤ ਤੇ ਕਸ਼ਾਏ ਰਹਿਤ ਹੋ ਕੇ ਘੁੰਮੇ। (21)

ਸੂਤਰ ਤੇ ਅਰਥ ਸੰਬੰਧੀ ਸ਼ੰਕਾ ਖਤਮ ਹੋ ਜਾਣ ਤੇ ਬੁੱਧੀਮਾਨ ਸਾਧੂ ਹੰਕਾਰ ਨਾ

ਕਰੇ। ਸਿਆਦਵਾਦ ਰੂਪੀ ਬਚਨ ਆਖੇ। ਧਰਮ ਆਚਰਨ ਵਿਚ ਲੱਗਾ ਸਾਧੂ ਸੱਚੀ ਭਾਸ਼ਾ ਤੇ ਝੂਠ ਰਹਿਤ, ਮਿਥਿਆ ਰਹਿਤ ਦੋ ਭਾਸ਼ਾਵਾਂ ਦਾ ਪ੍ਰਯੋਗ ਆਪਸੀ ਮਿਲਨ ਵਾਲੇ ਸਾਧੂ ਨਾਲ ਕਰੇ। ਧਾਰਮਿਕ ਵਿਰਤੀ ਵਾਲੇ ਸ਼ੁੱਧ ਸਾਧੂ ਨਾਲ ਘੁੰਮੇ। ਰਾਜਾ ਤੇ ਰੰਕ ਨੂੰ ਇਕੋ ਤਰ੍ਹਾਂ ਦਾ ਉਪਦੇਸ਼ ਦੇਵੇ। (22)

ਸਾਧੂ ਦੇ ਵਾਕ ਨੂੰ ਕੋਈ ਬੁੱਧੀਮਾਨ ਚੰਗੀ ਤਰ੍ਹਾਂ ਸਮਝ ਲੈਂਦਾ ਹੈ, ਤੇ ਕੋਈ ਇਸ ਤੋਂ ਉਲਟ ਅਰਥ ਲੈਂਦਾ ਹੈ। ਸਾਧੂ ਨੂੰ ਉਲਟ ਸਮਝਣ ਵਾਲੇ ਨੂੰ ਸਾਧੂ ਕੋਮਲ ਸ਼ਬਦਾਂ ਨਾਲ ਸਮਝਾਵੇ। ਉਸ ਸਰੋਤੇ ਦੀ ਬੇਇੱਜ਼ਤੀ ਨਾ ਕਰੇ। ਪ੍ਰਸ਼ਨ ਕਰਨ ਵਾਲੇ ਦੀ ਭਾਸ਼ਾ ਜੇਕਰ ਅਸ਼ੁੱਧ ਹੋਵੇ, ਤਾਂ ਵੀ ਉਸ ਦੀ ਨਿੰਦਾ ਨਾ ਕਰੇ। ਜੋ ਗੱਲ ਥੋੜੇ ਵਿਚ ਆਖੀ ਜਾ ਸਕਦੀ ਹੈ ਉਸਨੂੰ ਬੇਅਰਥ ਲੰਬੀ ਨਾ ਕਰੇ। ਸ਼ਬਦ ਜਾਲ ਦੇ ਬੇਅਰਥ ਚੱਕਰ ਤੋਂ ਬਚੇ। (23)

ਭਾਸ਼ਣ ਕਰਦੇ ਸਮੇਂ ਜੋ ਗੱਲ ਸੰਖੇਪ ਵਿਚ ਨਾ ਸਮਝਾਈ ਜਾ ਸਕੇ, ਉਸ ਨੂੰ ਸੁੰਦਰ ਢੰਗ ਨਾਲ ਸਮਝਾਵੇ। ਅਚਾਰਿਆ ਆਦਿ ਤੋਂ ਸੂਤਰ, ਅਰਥ ਸੁਣਕੇ, ਪਦਾਰਥ ਦੇ ਅਰਥ ਦਾ ਠੀਕ ਜਾਣਕਾਰ ਸਾਧੂ ਤੀਰਥੰਕਰ ਭਗਵਾਨ ਦੇ ਹੁਕਮ ਅਨੁਸਾਰ ਨਿਰਦੋਸ਼ ਬਚਨ ਬੋਲੇ, ਪਾਪ ਦਾ ਵਿਵੇਕ ਰਖੇ। ਲਾਭ ਸਤਿਕਾਰ ਦੀ ਇੱਛਾ ਨਾ ਕਰੇ। (25)


ਸਾਧੂ ਸ਼ਾਸਤਰਾਂ ਦਾ ਲਗਾਤਾਰ ਅਭਿਆਸ ਕਰੇ। ਉਸੇ ਅਨੁਸਾਰ ਚਲੇ। ਮਰਿਆਦਾ ਦਾ ਉਲੰਘਨ ਨਾ ਕਰੇ। ਸਮਿਅਕ ਦਰਿਸ਼ਟੀ ਪੁਰਸ਼, ਸਮਿਅਕ ਦਰਸ਼ਨ ਨੂੰ ਦੋਸ਼ ਨਾ ਲੱਗਣ ਦੇਵੇ। ਜੋ ਇਸ ਪ੍ਰਕਾਰ ਆਗਮ ਦੀ ਵਿਆਖਿਆ ਕਰਦਾ ਹੈ ਉਹ ਹੀ ਸਰਵੱਗਾਂ ਦੇ ਭਾਵ ਸਮਾਧੀ ਧਰਮ ਨੂੰ ਆਖਨ ਦੀ ਕਲਾ ਜਾਣਦਾ ਹੈ। (26)

ਸਾਧੂ ਸੂਤਰ ਦੇ ਅਰਥ ਨੂੰ ਖਰਾਬ ਨਾ ਕਰੇ। ਨਾ ਛਿਪਾਵੇ। ਨਾ ਹੀ ਸੂਤਰ ਦੇ ਅਰਥ ਵਿਚ ਗਲਤ ਵਿਆਖਿਆ ਕਰੇ। ਅਪਣੇ ਨੂੰ ਸਿੱਖਿਆ ਦੇਣ ਵਾਲੇ, ਗੁਰੂ ਦੀ ਭਗਤੀ ਦਾ ਵਿਚਾਰ ਕਰਕੇ ਉਪਦੇਸ਼ ਕਰੇ। ਗੁਰੂ ਦੇ ਮੂੰਹ ਤੋਂ ਜੋ ਅਰਥ ਸੁਣਿਆ ਹੈ ਉਸੇ ਨੂੰ ਜਾਹਰ ਕਰੇ, ਫਾਲਤੂ ਗੱਲ ਨਾਂ ਆਖੇ। (26)

ਜੋ ਸਾਧੂ ਸ਼ੁੱਧ ਸ਼ਾਸਤਰ ਸੁਣਾਉਂਦਾ ਹੈ, ਸ਼ਾਸਤਰ ਅਨੁਸਾਰ ਤਪ ਕਰਦਾ ਹੈ। ਉਤਸਰਗ ਦੀ ਜਗ੍ਹਾ ਉਤਸਰਗ ਤੇ ਅਪਵਾਦ ਦੀ ਜਗ੍ਹਾ ਅਪਵਾਦ ਦਸਦਾ ਹੈ ਉਹ ਹੀ ਸ਼ੁੱਧ ਬਚਨ ਵਾਲਾ ਹੈ। ਇਸ ਪ੍ਰਕਾਰ ਵਿਆਖਿਆਨ ਕਰਨ ਵਿਚ ਮਾਹਿਰ ਵਿਚਾਰ ਪੂਰਵਕ ਤੀਰਥੰਕਰ ਸਮਾਧੀ ਧਰਮ ਦਾ ਉਪਦੇਸ਼ ਦੇਣ ਵਿਚ ਮਾਹਿਰ ਬਣਦਾ ਹੈ। ਅਜਿਹਾ ਮੈਂ ਆਖਦਾ ਹਾਂ। (27)

---

ਟਿੱਪਣੀ 25 सम्यगदर्शी ਤੋਂ ਭਾਵ ਹੈ, "ਅਚਾਰਿਆ ਤੋਂ ਪਦਾਰਥ ਨੂੰ ਚੰਗੀਸੁਣ ਕੇ ਜੋ ਉਸ ਤੇ ਨਿਸ਼ਚੇ ਕਰਕੇ, ਠੀਕ-ਠੀਕ ਵਸਤੂ ਤੱਤਵ ਨੂੰ ਜਾਣਦਾ ਹੈ ਉਹ ਸਾਧੂ ਸਮਿਅਕਦਰਸ਼ੀ ਹੈ।



# ਆਦਾਨ ਨਾਮਕ ਪੰਦਰਵਾਂ ਅਧਿਐਨ

ਆਦਿ (ਸ਼ੁਰੂ) ਵਿਚ ਜੋ ਪਦ ਗ੍ਰਹਿਣ ਕੀਤਾ ਜਾਂਦਾ ਹੈ ਉਸਨੂੰ ਆਦਾਨ ਆਖਦੇ ਹਨ।

ਜਿਸ ਰਾਹੀਂ ਈਸ਼ਟ (ਠੀਕ) ਅਰਥ ਦੀ ਪ੍ਰਾਪਤੀ ਹੁੰਦੀ ਹੈ, ਉਸਨੂੰ ਆਦਾਨ ਆਖਦੇ ਹਨ। ਆਦਾਨ ਦੇ ਚਾਰ ਨਿਕਸ਼ੇਪ ਹਨ (1) ਨਾਮਾਅਦਾਨ (2) ਸਥਾਪਨਾਅਦਾਨ ਸਰਲ ਹਨ।

ਦਰਵਅਦਾਨ ਧੰਨ ਨੂੰ ਆਖਦੇ ਹਨ। ਸੰਸਾਰੀ ਜੀਵ ਆਪਣੇ ਧਾਰਮਿਕ ਕਰਤੱਵਾਂ ਨੂੰ ਛੱਡ ਕੇ ਇਸ ਦੇ ਪਿੱਛੇ ਭਜਦਾ ਹੈ। ਧੰਨ ਰਾਹੀਂ ਦੋ ਪੈਰਾਂ ਵਾਲੇ (ਪਸ਼ੂ) ਤੇ ਚਾਰ ਪੈਰਾਂ ਵਾਲੇ (ਮਨੁੱਖ) ਖਰੀਦਦਾ ਹੈ।

ਭਾਵ ਆਦਾਨ ਦੋ ਪ੍ਰਕਾਰ ਦਾ ਹੈ, ਪ੍ਰਸ਼ਸਤ (ਗ੍ਰਹਿਣ ਕਰਨ ਯੋਗ) ਅਪ੍ਰਸ਼ਸਤ (ਨਾਂ ਗ੍ਰਹਿਣ ਕਰਨ ਯੋਗ)।

ਕਰੋਧ ਆਦਿ ਕਸ਼ਾਏ, ਮਿਥਿਆਤਵ ਅਪ੍ਰਸ਼ਸਤ ਭਾਵਆਦਾਨ ਹਨ। ਆਤਮਾ ਦੀ ਸ਼ੁਧ ਅਵਸਥਾ, ਸਮਿਅਕ ਗਿਆਨ ਪ੍ਰਸ਼ਸਤ (ਗ੍ਰਹਿਣ ਕਰਨ ਯੋਗ) ਹਨ।

ਇਸ ਅਧਿਐਨ ਦਾ ਇਕ ਨਾਂ ਟੀਕਾਕਾਰ ਨੇ ਜਮਤੀਤ ਵੀ ਦਸਿਆ ਹੈ।

# ਪੰਦਰਵਾਂ ਆਦਾਨ ਅਧਿਐਨ

ਜੋ ਪਦਾਰਥ ਭੂਤਕਾਲ ਵਿਚ ਹੋ ਚੁੱਕੇ ਹਨ, ਵਰਤਮਾਨ ਵਿਚ ਮੌਜੂਦ ਹਨ, ਭਵਿਖ ਵਿਚ ਹੋਣਗੇ। ਉਨ੍ਹਾਂ ਸਾਰਿਆਂ ਨੂੰ ਦਰਸ਼ਨਾਂ ਵਰਨੀਆਂ ਕਰਮ ਰਾਹੀਂ ਅੰਤ ਕਰਨ ਵਾਲਾ, ਨੇਤਾ, ਪ੍ਰਾਣੀ ਰਖਿਅਕ ਪੁਰਸ਼, ਸੰਪੂਰਨ ਰੂਪ ਵਿਚ ਜਾਣਦਾ ਹੈ।

ਜੋ ਪੁਰਸ਼. ਤ੍ਰਿਕਾਲ ਦਰਸ਼ੀ ਹੋਣ ਕਾਰਣ ਸ਼ੱਕ ਦਾ ਅੰਤ ਕਰਨ ਵਾਲਾ ਹੈ, ਉਹ ਹੀ ਸਰੇਸ਼ਟ ਗਿਆਨ ਦਾ ਧਾਰਕ ਹੈ। ਜੋ ਸਰਵੱਗ, ਸਰਵਦਰਸ਼ੀ ਹੋ ਕੇ ਸਰਬ-ਉੱਚ ਵਸਤੂ ਬਾਰੇ ਗਿਆਨ ਦਿੰਦਾ ਹੈ, ਅਜਿਹੇ ਵਿਅਕਤੀ ਬੁਧ ਦਰਸ਼ਨ ਵਿਚ ਨਹੀਂ ਹਨ। (2)

ਵੀਤਰਾਗ ਪ੍ਰਭੂ ਨੇ ਜੋ ਜੀਵ ਆਦਿ ਪਦਾਰਥਾਂ ਬਾਰੇ ਕਿਹਾ ਹੈ। ਉਨ੍ਹਾਂ ਦਾ ਕਥਨ ਸੱਚ ਹੈ ਵਿਰੋਧ ਰਹਿਤ ਹੈ। ਇਸ ਲਈ ਮਨੁੱਖ ਸੱਚਾ ਬਣਨ ਹੋ ਕੇ ਪ੍ਰਾਣੀਆਂ ਨਾਲ ਦੋਸਤੀ ਸਥਾਪਿਤ ਕਰੇ। (3)

ਤਰੱਸ ਤੇ ਸਥਾਵਰ ਜੀਵਾਂ ਦਾ ਵਿਰੋਧ ਨਾ ਕਰਨਾ, ਸੰਜਮੀਆਂ ਦਾ ਧਰਮ ਹੈ। ਸਾਧੂ, ਜਗਤ ਦੇ ਸਵਰੂਪ ਨੂੰ ਜਾਣ ਕੇ ਸ਼ੁਧ ਧਰਮ ਦੀ ਭਾਵਨਾ ਕਰੇ। (4)

ਉੱਤਮ ਭਾਵਨਾ ਵਾਲਾ ਪੁਰਸ਼, ਪਾਣੀ ਵਿਚ ਕਿਸ਼ਤੀ ਦੀ ਤਰ੍ਹਾਂ ਹੈ। ਜਿਵੇਂ ਕਿਸ਼ਤੀ ਚੰਗੀ ਹਵਾ ਦੇ ਮੇਲ ਕਾਰਣ ਕਿਨਾਰੇ ਤੇ ਪਹੁੰਚ ਜਾਂਦੀ ਹੈ ਉਸੇ ਪ੍ਰਕਾਰ ਭਾਵਨਾ ਯੋਗੀ ਸਾਧੂ ਸਾਰੇ ਦੁਖਾਂ ਦਾ ਅੰਤ ਕਰ ਦਿੰਦਾ ਹੈ।

ਮਰਿਆਦਾ ਵਿਚ ਸਥਿਤ ਪੰਡਤ ਪੁਰਸ਼, ਲੋਕ ਵਿਚ ਪਾਪ ਕਰਮ ਨੂੰ ਜਾਣਦਾ ਹੋਇਆ ਕਰਮ ਬੰਧਨ ਤੋਂ ਮੁਕਤ ਹੋ ਜਾਂਦਾ ਹੈ। ਨਵੇਂ ਪਾਪ ਕਰਮ ਨਾ ਕਰਨ ਵਾਲਾ, ਬੁਧੀਮਾਨ ਪੁਰਸ਼ ਪਿਛਲੇ ਇਕੱਠੇ ਪਾਪ ਕਰਮਾਂ ਤੋਂ ਛੁਟ ਜਾਂਦਾ ਹੈ। (6)

ਜੋ ਪੁਰਸ਼ ਕਰਮ ਨਹੀਂ ਕਰਦਾ ਹੈ ਉਸ ਨੂੰ ਨਵਾਂ ਕਰਮਬੰਧ ਨਹੀਂ ਹੁੰਦਾ। ਉਹ ਅੱਠ ਪ੍ਰਕਾਰ ਦੇ ਕਰਮ ਜਾਣਦਾ ਹੈ। ਉਹ ਮਹਾਵੀਰ ਪੁਰਸ਼, ਕਰਮਾਂ ਨੂੰ ਜਾਨ ਕੇ ਅਜਿਹਾ ਕੰਮ ਕਰਦਾ ਹੈ ਜਿਸ ਨਾਲ ਉਹ ਸੰਸਾਰ ਦੇ ਜਨਮ-ਮਰਨ ਦੇ ਚੱਕਰ ਤੋਂ ਰਹਿਤ ਹੋ ਜਾਂਦਾ ਹੈ। (7)

ਜਿਸ ਦੇ ਪਿਛਲੇ ਕਰਮ ਨਹੀਂ ਹਨ, ਉਸ ਨੂੰ ਜਨਮ-ਮਰਨ ਨਹੀਂ ਕਰਨਾ ਪੈਂਦਾ। ਜਿਵੇਂ ਹਵਾ, ਅੱਗ ਦੀਆਂ ਲਾਟਾਂ ਤੋਂ ਪਾਰ ਹੋ ਜਾਂਦੀ ਹੈ ਉਸੇ ਤਰ੍ਹਾਂ ਬਹਾਦਰ ਆਦਮੀ

ਇਸਤਰੀਆਂ ਸੰਬੰਧੀ ਕਾਮਭੋਗਾਂ ਨੂੰ ਕਾਬੂ ਕਰਦਾ ਹੈ। (8)

ਜੋ ਵੀਰ ਇਸਤਰੀਆਂ ਸੰਬੰਧੀ ਕਾਮ ਭੋਗਾਂ ਦਾ ਸੇਵਨ ਨਹੀਂ ਕਰਦੇ, ਨਿਸ਼ਚੈ ਹੀ ਉਹ ਪੁਰਸ਼ ਮੁਕਤੀ ਨੂੰ ਪ੍ਰਾਪਤ ਕਰਦੇ ਹਨ। ਉਹ ਪੁਰਸ਼ ਬੰਧਨ ਮੁਕਤ ਹੋ ਜਾਂਦੇ ਹਨ। ਅਸੰਜਮੀ ਜੀਵਨ ਦੀ ਇੱਛਾ ਨਹੀਂ ਕਰਦੇ। (9)

ਵੀਰ ਪੁਰਸ਼ (ਅਸੰਜਮੀ) ਜੀਵਨ ਤੋਂ ਨਿਰਪੱਖ ਹੋ ਕੇ ਕਰਮਾਂ ਦੀ ਪਰੰਪਰਾ ਦਾ ਅੰਤ ਕਰ ਦਿੰਦਾ ਹੈ ਉਹ ਆਪਣੇ ਉੱਤਮ ਕਰਤੱਵ ਕਾਰਣ ਮੁਕਤੀ ਦੇ ਕਰੀਬ ਹੋ ਜਾਂਦਾ ਹੈ। ਅਜਿਹੇ ਪੁਰਸ਼ ਹੀ ਮੁਕਤੀ ਬਾਰੇ ਦਸ ਸਕਦੇ ਹਨ। ਅਰਿਹੰਤ ਪ੍ਰਮਾਤਮਾ ਕਰਮਾਂ ਦਾ ਨਾਸ਼ ਕਰਕੇ ਮੁਕਤੀ ਦਾ ਰਾਹ ਦਸਦੇ ਹਨ। ਕੇਵਲ ਗਿਆਨ-ਕੇਵਲ ਦਰਸ਼ਨ ਰਾਹੀਂ ਉਹ ਸਰਵਗਤਾ ਨਾਲ ਸਭ ਕੁਝ ਵੇਖਦੇ ਜਾਣਦੇ ਹਨ। (10)

ਮਹਾਚਰਿਤਰ ਵਾਲੇ, ਦੇਵਤਿਆਂ ਰਾਹੀਂ ਪੂਜਾ ਨੂੰ ਪ੍ਰਾਪਤ ਕਰਕੇ ਵੀ, ਪੂਜਾ ਦੀ ਇੱਛਾ ਤੋਂ ਰਹਿਤ, ਸਾਵਧਾਨ, ਇੰਦਰੀਆਂ ਦਾ ਜੇਤੂ, ਸੰਜਮ ਵਿਚ ਮਜਬੂਤ ਅਤੇ ਵਿਸ਼ੇ ਭੋਗਾਂ ਤੋਂ ਰਹਿਤ, ਮੁਕਤੀ ਦੇ ਕਰੀਬ ਹਨ। ਤੀਰਥੰਕਰਾਂ ਅਰਿਹੰਤਾਂ ਦਾ ਉਪਦੇਸ਼ ਭਿੰਨ-ਭਿੰਨ ਪ੍ਰਾਣੀਆਂ ਲਈ ਭਿੰਨ-ਭਿੰਨ ਪ੍ਰਕਾਰ ਵਾਲਾ ਹੈ। (ਭਾਵੇਂ ਜਿਵੇਂ ਵਰਖਾ ਦਾ ਪਾਣੀ ਧਰਤੀ ਤੇ ਭਿੰਨ-ਭਿੰਨ ਰੂਪ ਧਾਰਨ ਕਰਦਾ ਹੈ ਉਸੇ ਪ੍ਰਕਾਰ ਤੀਰਥੰਕਰਾਂ ਦਾ ਉਪਦੇਸ਼ ਹੈ)। (11)

ਜਿਵੇਂ ਸੂਅਰ ਚਾਵਲ ਦੇ ਚੂਰੇ ਦੇ ਲੋਭ ਵਿਚ ਬੰਧਨ ਵਿਚ ਫਸ ਜਾਂਦਾ ਹੈ। ਉਸੇ ਪ੍ਰਕਾਰ ਜੀਵ ਇਸਤਰੀ ਸਬੰਧੀ ਕਾਮ ਭੋਗਾਂ ਵਿਚ ਉਲਝ ਕੇ ਅਤਿ ਗੁਰੂ (ਭਾਰੀ) ਜਨਮ-ਮਰਨ ਦੀ ਪਰੰਪਰਾ ਨੂੰ ਪ੍ਰਾਪਤ ਹੁੰਦਾ ਹੈ। ਪੰਡਿਤ (ਗਿਆਨੀ) ਵਿਸ਼ੇ ਵਿਕਾਰਾਂ ਵਿਚ ਨਹੀਂ ਉਲਝਦਾ। ਵਿਸ਼ੇ ਭੋਗ ਆਸ਼ਰਵ ਰਾਹੀਂ ਸਾਰੇ ਪਾਪ ਕਰਮ ਦੇ ਦਰ ਬੰਦ ਕਰਨੇ ਚਾਹੀਦੇ ਹਨ। ਕਸ਼ਾਏ ਰਹਿਤ, ਵਿਸ਼ੇ ਭੋਗ ਰਹਿਤ, ਇੰਦਰੀਆਂ ਜੇਤੂ, ਪਵਿੱਤਰ ਭਾਵ ਸੰਧੀ (ਕਰਮਾਂ ਰੂਪੀ ਜੰਜੀਰਾਂ ਨੂੰ ਤੋੜਨ) ਨੂੰ ਪ੍ਰਾਪਤ ਹੁੰਦਾ ਹੈ। (12)

ਜਿਸਦੇ ਬਰਾਬਰ ਉੱਤਮ ਕੋਈ ਹੋਰ ਪਦਾਰਥ ਨਹੀਂ, ਉਸਨੂੰ ਅਨਨੰਯ ਸਦਰਿਸਜ (ਸੰਜਮ) ਆਖਦੇ ਹਨ। ਇਹ ਵੀਤਰਾਗ ਪ੍ਰਭੂ ਦਾ ਧਰਮ ਹੈ। ਸੰਜਮੀ ਤੇ ਵੀਤਰਾਗੀ ਭਗਵਾਨ ਰਾਹੀਂ ਦਸੇ, ਧਰਮ ਵਿਚ ਨਿਪੁੰਨ ਸਾਧੂ ਮਨ, ਬਚਨ ਤੇ ਕਾਇਆ ਰਾਹੀਂ ਕਿਸੇ ਵੀ ਜੀਵ ਦਾ ਵਿਰੋਧ ਨਾ ਕਰੇ। ਅਜਿਹਾ ਕਰਨ ਵਾਲਾ ਹੀ ਪਵਿੱਤਰ ਗਿਆਨ ਦੀ ਅੱਖ ਵਾਲਾ ਪਰਮਾਰਥ ਦਰਸ਼ੀ ਹੈ। (13)

ਜੋ ਪੁਰਸ਼ ਭੋਗ ਦੀ ਇੱਛਾ ਦਾ ਅੰਤ ਕਰ ਦਿੰਦਾ ਹੈ ਉਹ ਸਾਰੇ ਮਨੁੱਖਾਂ ਨੂੰ ਅਖ ਦੀ ਤਰ੍ਹਾਂ ਰੋਸ਼ਨੀ ਦੇਣ ਵਾਲਾ ਪਥ ਪ੍ਰਦਰਸ਼ਕ ਬਣ ਜਾਂਦਾ ਹੈ। ਜਿਵੇਂ ਉਸਤਰੇ ਦਾ ਮੂਹਰਲਾ ਹਿੱਸਾ ਚਲਦਾ ਹੈ ਜਾਂ ਚੱਕਰ ਦਾ ਅੰਤਿਮ ਭਾਗ ਚਲਦਾ ਹੈ (ਉਸੇ ਪ੍ਰਕਾਰ ਮੋਹਨੀਆਂ ਕਰਮ

ਦਾ ਅੰਤ ਹੀ ਦੁਖ ਰੂਪੀ ਸੰਸਾਰ ਦਾ ਅੰਤ ਹੈ)। (14)

ਬਹਾਦਰ, ਧੀਰਜ ਸੁਖਾਂ ਦੀ ਇਛਾ ਤੋਂ ਰਹਿਤ ਪੁਰਸ਼ ਅੰਤ ਪ੍ਰਾਂਤ ਭੋਜਨ ਦਾ ਸੇਵਨ ਕਰਨ ਕਾਰਣ, ਸੰਸਾਰ ਦਾ ਅੰਤ ਕਰਨ ਵਿਚ ਸਮਰਥ ਹਨ, ਇਸ ਮਨੁੱਖ ਲੋਕ ਵਿਚ ਦੂਸਰੇ ਜੀਵ ਵੀ ਧਰਮ ਅਰਾਧਨਾ ਕਰਕੇ ਮੁਕਤੀ ਦੀ ਪ੍ਰਾਪਤੀ ਕਰਦੇ ਹਨ। (15)

(ਸ੍ਰੀ ਸੁਧਰਮਾ ਸਵਾਮੀ, ਸ੍ਰੀ ਜੰਬੂ ਸਵਾਮੀ ਨੂੰ ਆਖਦੇ ਹਨ) "ਮੈਂ ਤੀਰਥੰਕਰ ਭਗਵਾਨ ਤੋਂ ਇਸ ਪ੍ਰਕਾਰ ਸੁਣਿਆ ਹੈ ਕਿ ਕਰਮ ਪਰੰਪਰਾ ਖਤਮ ਕਰਕੇ ਮਨੁੱਖ ਮੁਕਤ ਹੋ ਜਾਂਦਾ ਹੈ ਜਾਂ ਦੇਵਤਾ ਬਣਦਾ ਹੈ। ਮਨੁੱਖ ਜੂਨ ਤੋਂ ਛੁੱਟ ਹੋਰ ਜੀਵਾਂ ਨੂੰ ਅਜਿਹੀ ਗਤਿ ਨਹੀਂ ਮਿਲਦੀ।" (16)

"ਮਨੁੱਖ ਹੀ ਸਾਰੇ ਦੁੱਖਾਂ ਦਾ ਅੰਤ ਕਰ ਸਕਦਾ ਹੈ, ਮਨੁੱਖ ਦਾ ਜੀਵਨ ਪ੍ਰਾਪਤ ਹੋਣਾ ਬਹੁਤ ਦੁਰਲਭ ਹੈ"। ਇਹੋ ਤੀਰਥੰਕਰਾਂ ਨੇ ਆਖਿਆ ਹੈ। (17)

ਇਸ ਮਨੁੱਖ ਜਨਮ ਬਿਚ ਭਰਿਸ਼ਟ ਕੋਈ ਜੀਵ ਨੂੰ, ਦੋਬਾਰਾ ਸਮਿਅਕਤੱਵ (ਗਿਆਨ, ਦਰਸ਼ਨ, ਚਾਰਿਤਰ) ਦੀ ਪ੍ਰਾਪਤੀ ਬਹੁਤ ਹੀ ਕਠਿਨ ਹੈ। ਸਮਿਅਕਤੱਵ ਯੋਗ ਅੰਤਕਰਣ (ਹਿਰਦੇ) ਦੀ ਪ੍ਰਾਪਤੀ ਮੁਸ਼ਕਿਲ ਹੈ। ਧਰਮ ਪ੍ਰਾਪਤੀ ਯੋਗ ਸੁਭ ਲੇਸ਼ਿਆਂ ਦੀ ਪ੍ਰਾਪਤੀ ਹੋਣਾ ਮੁਸ਼ਕਿਲ ਹੈ। (18)

ਜੋ ਵੀਤਰਾਗ ਪੁਰਸ਼, ਸਰਵ-ਉੱਤਮ, ਸ਼ੁੱਧ ਧਰਮ ਦਾ ਉਪਦੇਸ਼ ਦਿੰਦੇ ਹਨ, ਉਸ ਤਰ੍ਹਾਂ ਆਚਰਣ ਕਰਦੇ ਹਨ, ਉਹ ਜੀਵ ਅਨੁਪਮ ਆਤਮਾਵਾਂ ਦੇ ਸਥਾਨ (ਮੋਕਸ਼) ਨੂੰ ਪ੍ਰਾਪਤ ਕਰਦੇ ਹਨ। ਫਿਰ ਮੁੜ ਜਨਮ ਨਹੀਂ ਲੈਂਦੇ, ਜਨਮ ਲੈਣ ਦੀ ਕਥਾ ਹੀ ਉਨ੍ਹਾਂ ਲਈ ਬੇਕਾਰ ਹੈ। (17)

ਨਾਂ ਮੁੜ ਸਕਣ ਵਾਲੇ ਮੋਕਸ਼ ਵਿਚ ਗਿਆ, ਗਿਆਨੀ ਪੁਰਸ਼ ਕਦੋਂ ਤੇ ਕਿਵੇਂ ਜਨਮ ਲੇ ਸਕਦਾ ਹੈ? (ਕਿਉਂਕਿ ਜਨਮ ਦਾ ਕਾਰਣ ਕਰਮ ਪਰੰਪਰਾ ਖਤਮ ਹੋ ਚੁੱਕੀ ਹੈ, ਕਾਰਣ ਬਿਨਾਂ ਜਨਮ-ਮਰਨ ਨਹੀਂ) ਉਹ ਸਭ ਪ੍ਰਕਾਰ ਦੀਆਂ ਕਾਮਨਾਵਾਂ ਤੋਂ ਰਹਿਤ ਤੀਰਥੰਕਰ, ਗਣਧਰ ਆਦਿ ਮਹਾਂਪੁਰਸ਼ ਸੰਸਾਰ ਦੇ ਸੱਚੇ ਪਥ ਪ੍ਰਦਰਸ਼ਕ ਹਨ। (20)

ਕਸ਼ਯਪ ਗੋਤਰੀ ਭਗਵਾਨ ਮਹਾਵੀਰ ਰਾਹੀਂ, ਫੁਰਮਾਏ ਇਹ ਸਥਾਨ, ਪ੍ਰਧਾਨ ਤੇ ਸਰਵ-

---

ਟਿਪਣੀ 16—ਸ਼ੀਲਾਂਕਾਚਾਰਿਆ ਟੀਕਾਕਾਰ ਇਸ ਗਾਥਾ ਦੀ ਵਿਆਖਿਆ ਕਰਦੇ ਆਖਦੇ ਹਨ—"ਮਨੁੱਖ ਸਮਿਅਕ ਦਰਸ਼ਨ, ਗਿਆਨ ਤੇ ਚਾਰਿੱਤਰ ਦੀ ਆਰਾਧਨਾ ਕਰਕੇ ਮੋਕਸ਼ ਨੂੰ ਪ੍ਰਾਪਤ ਕਰਦਾ ਹੈ। ਪਰ ਕਦੇ-ਕਦੇ ਜ਼ਿਆਦਾ ਕਰਮ ਬੰਧ ਦੇ ਪ੍ਰਭਾਵ ਕਾਰਣ ਸੋਧਰਮ ਦੇਵ ਲੋਕ ਵਿਚ ਦੇਵਤਾ ਵੀ ਬਣ ਸਕਦਾ ਹੈ।

ਸ਼ੀਲਾਂਕਾਚਾਰਿਆ ਟੀਕਾਕਾਰ


ਉੱਤਮ ਹੈ। ਉਸ ਸਥਾਨ ਨੂੰ ਪ੍ਰਾਪਤ ਕਰਕੇ ਕਈ ਗਿਆਨੀ ਜਨ-ਨਿਰਵਾਨ ਨੂੰ ਪ੍ਰਾਪਤ ਕਰਦੇ ਹਨ ਤੇ ਸੰਸਾਰ ਦਾ ਅੰਤ ਕਰਦੇ ਹਨ। (21)

ਗਿਆਨੀ ਪੁਰਸ਼, ਕਰਮਾਂ ਦੀ ਨਿਰਜਰਾ ਕਰਨ ਵਿਚ ਸਮਰਥ ਵੀਰਜ ਨੂੰ ਪ੍ਰਾਪਤ ਹੋ ਕੇ ਪਹਿਲੇ ਇਕੱਠੇ ਕਰਮਾਂ ਦਾ ਵਿਨਾਸ਼ ਕਰੇ ਅਤੇ ਨਵਾਂ ਕਰਮ ਬੰਧ ਨਾਂ ਕਰੇ। (22)

ਕਰਮਾਂ ਦਾ ਖਾਤਮਾ ਕਰਨ ਵਿਚ ਵੀਰ ਪੁਰਸ਼, ਹੋਰ ਪੁਰਸ਼ਾਂ ਦੀ ਤਰ੍ਹਾਂ ਪਾਪ ਕਰਮ ਨਹੀਂ ਕਰਦੇ। ਕਿਉਂਕਿ ਉਨ੍ਹਾਂ ਦੇ ਪਾਪ ਪੁਰਾਣੇ ਕਰਮ ਸੰਗ੍ਰਹਿ ਹੀ ਵਰਤਮਾਨ ਵਿਚ ਭੋਗੇ ਜਾਂਦੇ ਹਨ। ਵੀਰ ਪੁਰਸ਼ (ਅੱਠ ਪ੍ਰਕਾਰ ਦੇ) ਕਰਮ ਤਿਆਗ ਕਾਰਨ ਮੋਕਸ਼ ਦੇ ਕਰੀਬ ਖੜੇ ਹੁੰਦੇ ਹਨ। (23)

ਜੋ ਸਾਰੇ ਸਾਧੂਆਂ ਰਾਹੀਂ ਮਾਨਤਾ ਪ੍ਰਾਪਤ ਸੰਜਮ ਹੈ। ਉਹ ਕੰਡੇ (ਅੰਦਰਲੇ ਕਸ਼ਾਏ ਰੂਪੀ) ਦਾ ਖਾਤਮਾ ਕਰਨ ਵਾਲਾ ਹੈ। ਸਹੀ ਢੰਗ ਨਾਲ ਸੰਜਮ ਦੀ ਅਰਾਧਨਾ ਕਰਕੇ ਬਹੁਤ ਸਾਰੇ ਜੀਵ ਮੁਕਤੀ ਜਾਂ ਦੇਵ ਲੋਕ ਨੂੰ ਪ੍ਰਾਪਤ ਹੋਏ ਹਨ। (24)

ਪਹਿਲੇ ਸਮੇਂ ਵਿਚ ਵੀ ਧੀਰ ਪੁਰਸ਼ ਹੋ ਚੁਕੇ ਹਨ, ਭਵਿੱਖ ਵਿਚ ਵੀ ਸੁਵਰਤੀ ਪੁਰਸ਼ ਹੋਣਗੇ। ਜੋ ਕਸ਼ਟ ਨਾਲ ਪ੍ਰਾਪਤ ਸਮਿਅਕ ਦਰਸ਼ਨ, ਗਿਆਨ ਤੇ ਚਾਰਿੱਤਰ ਰੂਪੀ ਮਾਰਗ ਦੇ ਅੰਤ ਨੂੰ ਪਾ ਕੇ ਅਤੇ ਉਸ ਰਾਹ ਨੂੰ ਪ੍ਰਗਟ ਕਰਕੇ ਸੰਸਾਰ ਸਾਗਰ ਨੂੰ ਪਾਰ ਹੋਏ ਹਨ। ਅਜਿਹਾ ਮੈਂ ਆਖਦਾ ਹਾਂ। (25)



# ਸੋਲਵਾਂ ਗਾਥਾ ਨਾਮਕ ਅਧਿਐਨ

ਇਹ ਪਹਿਲੇ ਸਰੁਤ ਸਕੰਧ ਦਾ ਅੰਤਿਮ ਅਧਿਐਨ ਹੈ। ਇਸ ਦਾ ਨਾਂ ਗਾਥਾ ਅਧਿਐਨ ਹੈ। ਇਸ ਵਿਚ ਪਹਿਲੇ 15 ਅਧਿਐਨਾਂ ਵਿਚ ਵਰਨਣ ਕੀਤੇ ਵਿਸ਼ਿਆਂ ਦਾ ਹੀ ਜਿਕਰ ਹੈ। ਇਸ ਅਧਿਐਨ ਵਿਚ ਦੱਸਿਆ ਗਿਆ ਹੈ ਕਿ ਸਾਰੇ ਪਾਪ ਕਰਮਾਂ ਤੋਂ ਜੋ ਦੂਰ ਹੈ। ਪਾਪਾਂ ਦੇ ਕਾਰਣ ਕਰਮਾਂ ਤੋਂ ਦੂਰ ਹੈ, ਸਮਿਤਿ ਯੁਕਤ ਹੈ, ਗਿਆਨਵਾਨ ਹੈ, ਸੰਜਮੀ ਹੈ, ਕ੍ਰੋਧ-ਅਭਿਮਾਨ ਦੂਰ ਕਰਦਾ ਹੈ ਉਹ ਮਹਾਨ ਹੈ। ਜੋ ਲਗਾਵ-ਰਹਿਤ, ਇੱਛਾ-ਰਹਿਤ, ਕਸ਼ਾਏ ਮੁਕਤ ਹੈ, ਹਿੰਸਾ ਆਦਿ ਤੋਂ ਪਰੇ ਹੈ ਉਹ ਸ੍ਰਮਣ ਹੈ। ਪਰਿਸ਼ੈ ਦਾ ਜੇਤੂ ਭਿੱਖਿਆ-ਜੀਵੀ ਹੀ ਭਿਖਸ਼ੂ ਹੈ। ਜੋ ਗ੍ਰੰਥ ਰਹਿਤ (ਪਰਿਗ੍ਰਹਿ ਤੋਂ ਮੁਕਤ) ਹੈ ਇਕੱਲਾ ਹੈ। ਇਕ ਆਤਮਾ ਨੂੰ ਹੀ ਜਾਣਦਾ ਹੈ, ਪੂਜਾ, ਸਤਿਕਾਰ ਦੀ ਇੱਛਾ ਨਹੀਂ ਕਰਦਾ ਉਹ ਨਿਰਗ੍ਰੰਥ ਹੈ।

## ਨਿਕਸ਼ੇਪ

ਇਸ ਅਧਿਐਨ ਦੇ ਚਾਰ ਨਿਕਸ਼ੇਪ ਹਨ, ਨਾਮ ਤੇ ਸਥਾਪਨਾ ਸਰਲ ਹੈ।

ਜੋ ਪੁਸਤਕ ਪੰਨੇ ਤੇ ਲਿਖੀ ਜਾਵੇ ਉਹ ਦਰੱਵ ਗਾਥਾ ਹੈ।

ਜੋ ਮਿੱਠੇ ਅੱਖਰਾਂ ਰਾਹੀਂ ਬਣਾ ਕੇ ਗਾਈ ਜਾਵੇ, ਕੰਨਾਂ ਨੂੰ ਸੁੰਦਰ ਲਗੇ, ਸਮੁੰਦਰ ਛੰਦ ਵਿਚ ਰਚੀ ਹੋਵੇ ਉਹ ਹੀ ਗਾਥਾ ਹੈ। ਇਹ ਅਧਿਐਨ ਗਾਥਾ ਵਿਚ ਨਹੀਂ ਹੈ, ਫਿਰ ਵੀ ਇਹ ਗਾਇਆ ਜਾ ਸਕਦਾ ਹੈ। ਭਾਵ ਗਾਥਾ ਉਹ ਹੈ ਜੋ ਕਸ਼ਾਯੋਸਮੀਕ ਭਾਵ ਤੋਂ ਉਤਪੰਨ ਹੋਵੇ, ਕਿਉਂਕਿ ਸਾਰਾ ਸਰੁਤ (ਸ਼੍ਰੁਤ) ਇਸੇ ਭਾਵ ਹੇਠ ਆਉਂਦਾ ਹੈ।

# ਸੋਲਵਾਂ ਗਾਥਾ ਅਧਿਐਨ

ਸੂਤਰ ਕ੍ਰਿਤਾਂਗ ਸੂਤਰ ਦੇ 15 ਆਖਣ ਤੋਂ ਬਾਅਦ ਭਗਵਾਨ ਮਹਾਵੀਰ ਨੇ ਕਿਹਾ—15 ਅਧਿਐਨ ਵਿਚ ਆਖੇ ਅਰਥ ਅਨੁਸਾਰ ਜੋ ਪੁਰਸ਼ ਇਦਰੀਆਂ ਅਤੇ ਮਨ ਨੂੰ ਵਸ ਕਰਕੇ ਮੁਕਤੀ ਜਾਨਣ ਯੋਗ, ਸ਼ਰੀਰ ਨੂੰ ਤਿਆਗ ਕਰਦਾ ਹੈ। ਉਸ ਨੂੰ ਮਾਹਨ, ਸ਼੍ਰਮਣ ਭਿਖਸ਼ੂ ਜਾਂ ਨਿਰਗ੍ਰੰਥ ਆਖਣਾ ਚਾਹੀਦਾ ਹੈ।

(ਚੇਲਾ ਪੁਛਦਾ ਹੈ)—"ਭਗਵਾਨ ਉਪਰੋਕਤ ਧਾਰਮਿਕ ਕ੍ਰਿਆਵਾਂ ਵਾਲੇ, ਇੰਦਰੀਆਂ ਤੇ ਮਨਜੇਤੂ, ਮੁਕਤੀ ਦੇ ਇਛੁਕ ਸ਼ਰੀਰ ਦੀ ਮਮਤਾ ਤੋਂ ਰਹਿਤ ਪੁਰਸ਼ ਨੂੰ ਕਿਉਂ ਮਹਾਨ, ਸ਼੍ਰਮਣ ਭਿਖਸ਼ੂ ਤੋਂ ਨਿਰਗ੍ਰੰਥ ਆਖਣਾ ਚਾਹੀਦਾ ਹੈ ? ਹੇ ਮਹਾਮੁਨੀ ! ਕਿਰਪਾ ਕਰਕੇ ਮੈਨੂੰ ਫੁਰਮਾਉ।

ਭਗਵਾਨ ਆਖਦੇ ਹਨ—"ਉਪਰੋਕਤ ਧਾਰਮਿਕ ਕ੍ਰਿਆਵਾਂ ਤੇ ਚਲਣ ਵਾਲਾ ਭਿਖਸ਼ੂ ਸਾਰੇ ਪਾਪ ਕਰਮਾਂ ਦਾ ਨਾਸ਼ ਕਰ ਚੁਕਾ ਹੈ। ਰਾਗ, ਦਵੇਸ਼, ਕਲਹ, ਦੋਸ਼ ਮੜ੍ਹਨ, ਚੁਗਲੀ, ਪਰਾਈ ਨਿੰਦਾ, ਅਰਤਿ, ਰਤਿ, ਮਾਇਆ (ਕਪਟ) ਝੂਠ, ਮਿਥਿਆ ਦਰਸ਼ਨ ਸਲਯ (ਪਾਖੰਡ ਦਾ ਕੰਡਾ) ਤੋਂ ਰਹਿਤ ਹੈ ਸੰਜਮ ਪ੍ਰਤੀ ਨਫਰਤ ਰਖਦਾ ਹੈ, ਅਸੰਜਮ ਪ੍ਰਤੀ ਪ੍ਰੇਮ ਨਹੀਂ ਕਰਦਾ। ਪੰਜ ਸਮਿਤਿ ਵਾਲਾ, ਗਿਆਨ ਦੇ ਗੁਣਾਂ ਵਾਲਾ, ਇੰਦਰੀਆਂ ਦਾ ਜੇਤੂ ਕਿਸੇ ਤੇ ਕਰੋਧ ਨਹੀਂ ਕਰਦਾ, ਮਾਨ ਨਹੀਂ ਕਰਦਾ, ਉਸ ਨੂੰ ਮਾਹਨ ਬ੍ਰਾਹਮਣ ਆਖਣਾ ਯੋਗ ਹੈ।

**ਸੱਚਾ ਸ਼੍ਰਮਣ :—**

ਜੋ ਸਾਧੂ ਮਹਾਨ ਗੁਣਾਂ ਵਾਲਾ ਹੈ, ਸ਼ਰੀਰ ਪ੍ਰਤੀ ਲਗਾਵ ਨਹੀਂ ਰਖਦਾ, ਤੱਪ ਸੰਜਮ ਦੇ ਫਲ ਦੀ ਇੱਛਾ ਤੋਂ ਰਹਿਤ ਹੈ। ਕਸ਼ਾਏ ਰਹਿਤ ਹੈ, ਜੀਵ ਹਿੰਸਾ, ਝੂਠ, ਕਾਮਭੋਗ, ਪਰਿਗ੍ਰਹਿ ਤੋਂ ਪਰੇ ਹੈ। ਜੋ ਕਰੋਧ, ਮਾਨ, ਮਾਇਆ, ਲੋਭ ਰਾਗ ਤੇ ਦਵੇਸ਼ ਨਹੀਂ ਕਰਦਾ, ਇਸ ਤਰ੍ਹਾਂ (ਜੋ ਕੰਮ) ਕਰਮ ਬੰਧ ਦਾ ਕਾਰਣ ਹਨ ਜਾਂ ਆਤਮ ਲਈ ਦਵੇਸ਼ ਹਨ, ਉਨ੍ਹਾਂ ਤੋਂ ਪਰੇ ਹੋ ਕੇ ਇੰਦਰੀਆਂ ਨੂੰ ਜਿਤਦਾ ਹੈ, ਮੁਕਤੀ ਦਾ ਰਾਹੀ ਬਣਦਾ ਹੈ, ਸ਼ਰੀਰ ਦੇ ਸੰਸਕਾਰ (ਸਾਰ ਸੰਭਾਲ) ਤਿਆਗਦਾ ਹੈ ਉਹ ਸ਼੍ਰਮਣ ਅਖਵਾਣ ਦੇ ਯੋਗ ਹੈ। (2)

**ਸੱਚਾ ਭਿਖਸ਼ੂ :—**

ਜੋ ਮਾਹਨ (ਬ੍ਰਾਹਮਣ) ਤੇ ਸ਼੍ਰਮਣ ਵਿਚ ਦਸੇ ਗੁਣਾਂ ਵਾਲਾ ਹੈ, ਅਭਿਮਾਨ-ਰਹਿਤ ਹੈ,

ਵਿਨੇਵਾਨ ਹੈ, ਨਿਮਰਤਾ ਵਾਲਾ ਹੈ, ਇੰਦਰੀਆਂ ਦਾ ਜੇਤੂ ਹੈ। ਮੁਕਤੀ ਲਈ ਯੋਗ ਗੁਣਾਂ ਦਾ ਧਾਰਕ ਹੈ। ਸ਼ਰੀਰ ਸੰਸਕਾਰ ਦਾ ਤਿਆਗੀ ਹੈ। ਭਿੰਨ-ਭਿੰਨ ਪ੍ਰਕਾਰ ਦੇ ਪਰਿਸ਼ੇ ਤੇ ਕਸ਼ਟ ਸਹਿੰਦਾ ਹੈ। ਧਰਮ ਧਿਆਨ ਨਾਲ ਸ਼ੁਧ ਚਾਰਿੱਤਰ ਦਾ ਪਾਲਨ ਕਰਦਾ ਹੈ। ਸੰਜਮ ਲਈ ਹਾਜ਼ਰ ਹੈ, ਜਿਸ ਦੀ ਆਤਮਾ ਮੁਕਤੀ ਮਾਰਗ ਵਿਚ ਲੱਗੀ ਹੈ। ਸੰਸਾਰ ਨੂੰ ਅਸਾਰ ਸਮਝ ਕੇ ਦੂਸਰੇ ਰਾਹੀਂ ਦਿਤਾ ਭੋਜਨ ਗ੍ਰਹਿਣ ਕਰਦਾ ਹੈ। ਉਹ ਹੀ ਭਿਖਸ਼ੂ ਅਖਵਾਉਂਦਾ ਹੈ। (3)

**ਸੱਚਾ ਨਿਰਗ੍ਰੰਥ :—**

ਉਪਰੋਕਤ ਗੁਣਾਂ ਤੋਂ ਛੁੱਟ ਜੋ ਰਾਗਦਵੇਸ਼ ਰਹਿਤ ਹੋਵੇ। "ਆਤਮਾ ਇਕੱਲਾ ਆਉਂਦਾ ਹੈ, ਇਕੱਲਾ ਹੀ ਜਾਂਦਾ ਹੈ" ਇਸ ਸਾਰ ਭੂਤ ਗਿਆਨ ਤੇ ਸ਼ਰਧਾ ਰਖਦਾ ਹੈ। ਹੋ ਵਸਤੂ ਦੇ ਸਵਰੂਪ ਨੂੰ ਸਹੀ ਢੰਗ ਨਾਲ ਜਾਣਦਾ ਹੈ। ਜੋ ਕਰਮ ਆਸ਼ਰਵ (ਦਰਵਾਜ਼ੇ) ਨੂੰ ਰੋਕਦਾ ਹੈ। ਬਿਨਾਂ ਕਾਰਣ ਕੋਈ ਸ਼ਰੀਰਕ ਕ੍ਰਿਆਵਾਂ ਨਹੀਂ ਕਰਦਾ, ਇੰਦਰੀਆਂ ਦਾ ਜੇਤੂ ਹੈ। ਸਮਿਤੀ ਵਾਲਾ ਹੈ, ਸਮਭਾਵੀ ਹੈ। ਆਤਮ ਤਤੱਵ ਦਾ ਗਿਆਨੀ ਹੈ। ਸੱਚਾ ਗਿਆਨੀ ਹੈ।

ਜਿਸ ਵਿਚ ਦਰਵ (ਸ਼ਰੀਰ) ਤੇ ਭਾਵ ਆਤਮਾ ਰਾਹੀਂ ਸੰਸਾਰ ਦੇ ਕਾਰਣ ਦਾ ਖਾਤਮਾ ਕਰ ਦਿੰਦਾ ਹੈ, ਜੋ ਪੂਜਾ ਸਤਿਕਾਰ ਤੇ ਲਾਭ ਦੀ ਇੱਛਾ ਨਹੀਂ ਕਰਦਾ। ਧਰਮ ਦਾ ਅਰਥ ਜਾਨਣ ਵਾਲਾ ਹੈ। ਧਰਮ ਤਤੱਵ ਦਾ ਜਾਨਕਾਰ ਹੈ। ਮੋਕਸ਼ ਦਾ ਰਾਹੀ ਹੈ। ਮਮਤਾ ਨਾਲ ਜ਼ਿੰਦਗੀ ਗੁਜ਼ਾਰਦਾ ਹੈ, ਜੋ ਇੰਦਰੀਆਂ ਦਾ ਜੇਤੂ ਮੁਕਤੀ ਵੱਲ ਜਾਣ ਯੋਗ ਤੇ ਸ਼ਰੀਰ ਦੀ ਮਮਤਾ ਦਾ ਤਿਆਗੀ ਹੈ ਉਸਨੂੰ ਨਿਰਗ੍ਰੰਥ ਆਖਣਾ ਚਾਹੀਦਾ ਹੈ।

(ਸ੍ਰੀ ਸੁਧਰਮਾ ਸਵਾਮੀ ਸ੍ਰੀ ਜੰਬੂ ਸਵਾਮੀ ਨੂੰ ਆਖਦੇ ਹਨ। ਮੈਂ ਉਸੇ ਤਰ੍ਹਾਂ ਸਰਵੱਗ ਭਗਵਾਨ ਮਹਾਵੀਰ ਤੋਂ ਸੁਣਿਆ ਹੈ ਇਸ ਗੱਲ ਨੂੰ ਸੱਚ ਮੰਨੋ ਕਿ ਸੰਸਾਰ ਨੂੰ ਭੈ ਮੁਕਤ ਕਰਨ ਵਾਲੇ ਤੀਰਥੰਕਰ ਅਰਿਹੰਤ ਹੀ ਅਜਿਹਾ ਕਥਨ ਕਰਦੇ ਹਨ। (4)

ਸ੍ਰੀ ਸੂਤਰ ਕ੍ਰਿਤਾਂਗ ਦਾ ਪਹਿਲਾ ਸ਼ਰੁਤ ਸਕੰਧ ਸੰਪੂਰਣ ਹੋਇਆ।

